# ਸਮਤਾ

ਫਰਵਰੀ 1986 (ਅੰਕ 69)

ਸੰਪਾਦਕ: ਗੁਰਸ਼ਰਨ ਸਿੰਘ (1929-2011)

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਕੈਨੇਡਾ ਤੋਂ ਨਿਕਲਦੇ ਸਾਹਿਤਕ ਮੈਗਜ਼ੀਨ "ਵਤਨ" ਦੇ ਵੈੱਬਸਾਈਟ 'ਤੇ ਪਾਉਣ ਲਈ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਅਤੇ ਸਾਧੂ ਬਿਨਿੰਗ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

ਫਰਵਰੀ 1986

ਮੁੱਲ—ਦੋ ਰੁਪਏ

69

## ਸੰਪਾਦਕੀ ਤੇ ਸੰਪਾਦਕੀ ਨੋਟ

ਇਸ ਦੇਸ਼ ਦੀ ਵਾਗਡੋਰ ਹਰ ਪੱਧਰ ਤੇ ਬੜੇ ਹੀ ਘਟੀਆ ਸਿਆਸਤਦਾਨਾਂ ਦੇ ਹੱਥ ਚਲੀ ਗਈ ਹੈ। ਕੇਂਦਰ, ਹਰਿਆਨਾ ਅਤੇ ਪੰਜਾਬ ਦੇ ਸਿਆਸਤਦਾਨਾਂ ਨੇ ਇਹਨਾਂ ਦਿਨਾਂ ਵਿਚ ਜਿਹੜੀ ਘਟੀਆ ਸਿਆਸਤ ਦੀ ਪ੍ਰਦਰਸ਼ਨੀ ਕੀਤੀ ਹੈ, ਇਸਦੀਂ ਜਿੰਨੀਂ ਵੀ ਨਿਖੇਧੀ ਕੀਤੀ ਜਾਏ, ਉਹ ਥੋੜ੍ਹੀ ਹੈ, ਕੁਰਸੀ ਲਈ ਵੋਟਾਂ ਚਾਹੀਦੀਆਂ ਹਨ ਤੇ ਵੋਟਾਂ ਲੋਕਾਂ ਦੇ ਜਜ਼ਬਾਤ ਭੜਕਾ ਕੇ ਲਈਆਂ ਜਾ ਸਕਦੀਆਂ ਹਨ। ਇਸ ਲਈ ਹਰ ਥਾਂ ਤੇ ਇਹ ਬੁਰਜੁਆ ਸਿਆਸਤਦਾਨ ਮੌਕਾਪ੍ਰਸਤੀ ਦੀਆਂ ਸਿਖਰਾਂ ਛੂਹ ਰਹੇ ਹਨ। ਅੰਦਰਖਾਨੇ ਸਮਝੌਤੇ ਕੁਝ ਕਰਦੇ ਹਨ, ਬਾਹਰ ਦਸਦੇ ਕੁਝ ਹਨ। ਫੇਰ ਇਕ ਦੂਜੇ ਉਤੇ ਸਮਝੌਤੇ ਤੋਂ ਮੁਕਰਨ ਦੇ ਇਲਜ਼ਾਮ ਲਗਾਉਂਦੇ ਹਨ। ਆਰਾਮ ਨਾਲ ਬੈਠੇ ਬੈਠਾਏ ਸਾਧਾਰਨ ਲੋਕਾਂ ਵਿਚ ਨਫਰਤ ਦੇ ਬੀਜ ਬੀਜਦੇ ਹਨ, ਉਹਨਾਂ ਦੇ ਹੱਥ ਡਾਂਗਾਂ ਫੜਾਂਦੇ ਹਨ ਤੇ ਆਪ ਫੇਰ ਇਕੱਠੇ ਬੈਠੇ ਚਾਹਾਂ ਪੀਂਦੇ ਹਨ। ਨਵੇਂ ਸਮਝੌਤੇ ਕਰਦੇ ਹਨ। ਆਮ ਆਦਮੀ ਇਹਨਾਂ ਦੀ ਚਾਲਾਂ ਦੇ ਸ਼ਿਕਾਰ ਹੁੰਦੇ ਹਨ। ਇਸ ਹਾਲਤ ਵਿਚ ਸੂਝਵਾਨ ਲੋਕਾਂ ਦਾ ਵਿਸ਼ੇਸ਼ ਕਰਕੇ ਖੱਬੀ ਧਿਰ ਵਾਲਿਆਂ ਦਾ ਵਡਾ ਫਰਜ਼ ਹੈ ਕਿ ਉਹ ਦ੍ਰਿੜ ਸਟੈਂਡ ਲੈਣ, ਲੋਕਾਂ ਨੂੰ ਆਪਸੀ ਨਫ਼ਰਤ ਤੋਂ ਬਚਾਉਣ ਤੇ ਇਸ ਭ੍ਰਿਸ਼ਟ ਤੇ ਝੂਠੇ ਨਿਜ਼ਾਮ ਨੂੰ ਚਲਾਉਣ ਵਾਲੇ ਸਾਂਝੇ ਦੁਸ਼ਮਣਾਂ ਦੇ ਵਿਰੁਧ ਰਲ ਕੇ ਸੰਘਰਸ਼ ਕਰਨ।

o ਪੰਜਾਬ ਦੇ ਲੋਕਾਂ ਦੀ ਆਪਸੀ ਏਕਤਾ ਕੋਈ ਵੀ ਮਸਲਾ ਹੱਲ ਕਰਨ ਲਈ ਸਭ ਤੋਂ ਵੱਡੀ ਜ਼ਰੂਰਤ ਹੈ। ਪੰਜਾਬ ਵਿਚ ਜਿਹੜੇ ਇੱਕਾ ਦੁੱਕਾ ਹਿੰਦੂ ਕਤਲ ਹੋ ਰਹੇ ਹਨ, ਇਸਦੇ ਵਿਰੁੱਧ ਇਕ ਜ਼ੋਰਦਾਰ ਰਾਏਆਮਾ ਲਾਮਬੰਦ ਕੀਤੀ ਜਾਏ। ਇਸਨੂੰ ਅੱਖੋਂ ਪ੍ਰੋਖਾ ਨਾ ਕੀਤਾ ਜਾਏ। ਪੰਜਾਬ ਦੇ ਲੋਕਾਂ ਦੀ ਸਾਂਵੀ ਪੱਧਰੀ ਸਮਾਜਕ ਜ਼ਿੰਦਗੀ ਵਿਚ ਇਹ ਕਤਲ ਵੱਡਾ ਵਿਘਨ ਪਾ ਰਹੇ ਹਨ। ਬੱਸਾਂ ਸਵੇਰੇ ਸੱਤ ਵਜੇ ਤੋਂ ਪਹਿਲੇ ਅੱਡੇ ਤੋਂ ਨਿਕਲਦੀਆਂ ਨਹੀਂ ਤੇ ਸ਼ਾਮ ਸੱਤ ਵਜੇ ਬਾਅਦ ਸਾਰੀ ਆਵਾਜਾਈ ਬੰਦ ਹੋ ਜਾਂਦੀ ਹੈ, ਇਕ ਸਹਿਮ ਤੇ ਇਕ ਡਰ ਦਾ ਪ੍ਰਛਾਵਾਂ ਹਰ ਵੇਲੇ ਸੜਕਾਂ ਤੇ ਛਾਇਆ ਰਹਿੰਦਾ ਹੈ। ਹਾਲਾਤ ਦੇ ਸਾਧਾਰਨੀਕਰਨ ਨਾ ਹੋਣ ਤੇ ਸਮੁੱਚੇ ਪੰਜਾਬ ਨੂੰ ਆਰਥਕ ਤੌਰ ਤੇ ਇਕ ਵਡਾ ਨੁਕਸਾਨ ਹੋ ਰਿਹਾ ਹੈ, ਇਸਦੇ ਬਾਰੇ ਸਾਨੂੰ ਕੋਈ ਭੁਲੇਖਾ ਨਹੀਂ ਹੋਣਾ ਚਾਹੀਦਾ।

o ਹਰਿਆਨਾ ਤੇ ਪੰਜਾਬ ਦੇ ਲੋਕਾਂ ਵਿਚ ਆਪਸੀ ਨਫ਼ਰਤ ਫੈਲਾਉਣ ਦੀ ਇਹਨਾਂ ਬੁਰਜੁਆ ਸਿਆਸਤਦਾਨਾਂ ਦੀਆਂ ਚਾਲਾਂ ਫੇਲ ਕਰਨੀਆਂ ਚਾਹੀਆਂ ਹਨ। ਇਸ ਪ੍ਰਸੰਗ ਵਿਚ ਮੈਥੀਓ ਕਮਿਸ਼ਨ ਵਲੋਂ ਕਰਵਾਇਆ ਗਿਆ ਭਾਸ਼ਾਈ ਸਰਵੇਖਣ ਇਕ ਬੜਾ ਹੀ ਖਤਰਨਾਕ ਕਦਮ ਸੀ। ਭਾਰਤ ਦੀ ਸਰਕਾਰ ਨੇ ਇਸ ਸਰਵੇਖਣ ਦਾ ਬੰਦੋਬਸਤ ਕੀਤਾ ਹੈ, ਤੇ

**ਇਸ ਅੰਕ ਵਿਚ**—ਸੰਪਾਦਕੀ ਤੇ ਸੰਪਾਦਕੀ ਟਿਪਣੀਆਂ

ਪੁਰਾਣੇ ਸਭਿਆਚਾਰ ਨਾਲ ਹੇਜ ਕਿਉਂ ?/ਹਰੀ ਸਿੰਘ ਢੁੱਡੀਕੇ

ਕਹਾਣੀ/ਉਹਨੇ ਹਾਲੇ ਨਹੀਂ ਮਰਨਾ ਸੀ/ਜਸਬੀਰ ਮੰਡ o ਦੋ ਕਵਿਤਾਵਾਂ/ਹਰਬੰਸ ਮਾਂਗਟ

ਪਲਸ ਮੰਚ ਦੇ ਸਮਾਗਮ ਦੀ ਸਾਹਿਤਿਕ ਰੀਪੋਰਟ/ਸੁਰਜੀਤ ਬਰਾੜ o ਪ੍ਰਗਤੀਵਾਦੀ ਕਵਿਤਾ ਦੀ ਜੁਗਤ/ਸੁਰਜੀਤ ਹਾਂਸ

ਇਕ ਚਿੱਠੀ/ਭੁਪਿੰਦਰ o ਸਹੀ ਮੁਲਿਆਂਕਣ ਵਾਸਤੇ ਪਰਿਪਕਵ ਦ੍ਰਿਸ਼ਟੀ ਦੀ ਲੋੜ/ਦੇਵਿੰਦਰਪਾਲ

ਮਸਲੇ ਅਜੋਕੀ ਕਵਿਤਾ ਦੇ/ਸੁਖਿੰਦਰ

ਚੰਦਨ ਦੀਆਂ ਸਲਾਹਾਂ ਬਾਰੇ/ਇਕਬਾਲ ਰਾਮੂਵਾਲੀਆ

ਪੁਸਤਕ ਪਹਿਚਾਣ/ਕਲਾ, ਸਮਾਜ ਤੇ ਰਾਜਨੀਤੀ/ਕੇਵਲ ਧਾਲੀਵਾਲ

ਪਾਠਕ ਲੇਖਕ ਫੋਰਮ—ਇਕ ਚਿੱਠੀ ਬਲਦੇਵ ਸਿੰਘ ਬੰਬੀਹਾ ਤੇ ਉਸਦਾ ਜਵਾਬ, ਜਸਵੰਤ ਖਾਲੜਾ, ਕਰਮ ਸਿੰਘ ਕਾਂਗ

ਇਹ ਹੱਕ ਕੁਝ ਪਿੰਡਾਂ ਦੇ ਲੋਕਾਂ ਨੂੰ ਦਿਤਾ ਹੈ ਕਿ ਉਹ ਇਹ ਫੈਸਲਾ ਲੈਣ ਕਿ ਉਹਨਾਂ ਨੇ ਹਰਿਅਨਾ ਵਿਚ ਰਹਿਣਾ ਹੈ ਜਾਂ ਪੰਜਾਬ ਵਿਚ, ਇਹੋ ਸਰਕਾਰ ਕਸ਼ਮੀਰ ਦੇ ਲੋਕਾਂ ਨੂੰ ਇਹੋ ਹੱਕ ਦੇਣ ਲਈ ਸਾਲਾਂ ਤੋਂ ਮੁਨਕਰ ਹੈ। ਯੂ. ਐਨ. ਓ. ਜਾਂ ਸਿਕਿਉਰਟੀ ਕੌਂਸਲ ਵਿਚ ਭਾਰਤ ਦੇ ਨੁਮਾਂਇੰਦੇ ਹਮੇਸ਼ਾ ਇਹ ਸਟੈਂਡ ਲੈਂਦੇ ਰਹੇ ਹਨ ਕਿ ਇਹੋ ਜਹੀ ਰਾਏ ਸ਼ੁਮਾਰੀ ਨਾਲ ਸਿਰਫ ਕਸ਼ਮੀਰ ਦੇ ਲੋਕਾਂ ਦਾ ਸੰਬਧ ਨਹੀਂ, ਸਗੋਂ ਭਾਰਤ ਵਿਚ ਰਹਿ ਰਹੇ 9 ਕ੍ਰੋੜ ਮੁਸਲਮਾਨਾਂ ਦਾ ਭਵਿੱਖ ਖਤਰੇ ਵਿਚ ਪੈ ਜਾਂਦਾ ਹੈ, ਜੇਕਰ ਕਸ਼ਮੀਰ ਦੇ ਮੁਸਲਮਾਨ ਪਾਕਿਸਤਾਨ ਨਾਲ ਰਲਣ ਦੀ ਰਾਏ ਦੇ ਦੇਂਦੇ ਹਨ ਜਿਸ ਤਰ੍ਹਾਂ ਕਿ ਯਕੀਨ ਹੈ ਕਿ ਉਹਨਾਂ ਨੇ ਮਜ਼ਹਬੀ ਜਨੂੰਨ ਦੇ ਹੇਠ ਦੇ ਹੀ ਦੇਣੀ ਹੈ ਤਾਂ ਭਾਰਤ ਸਰਕਾਰ ਲਈ ਭਾਰਤ ਵਿਚ ਮੁਸਲਮਾਨਾਂ ਦੀ ਰਖਵਾਲੀ ਮੁਸ਼ਕਿਲ ਹੋ ਜਾਏਗੀ। ਕੀ ਇਹੋ ਦਲੀਲ ਇਸ 'ਭਾਸ਼ਾਈ ਸਰਵੇਖਣ' ਤੇ ਲਾਗੂ ਨਹੀਂ ਹੁੰਦੀ ? ਜਿਸ ਤਰ੍ਹਾਂ ਹਰਿਆਨਾ ਤੇ ਪੰਜਾਬ ਦੋਵੇਂ ਪਾਸੇ ਤੋਂ ਵਜ਼ੀਰ ਮੰਤਰੀਆਂ ਨੇ ਡੇਰੇ ਲਗਾ ਕੇ ਪਰਚਾਰ ਕੀਤਾ ਹੈ, ਅਤੇ ਬੰਦੂਕਾਂ ਡਾਂਗਾਂ ਨਾਲ ਪਹਿਰੇਦਾਰੀਆਂ ਕੀਤੀਆਂ ਹਨ ਉਸ ਤੋਂ ਸਾਫ ਹੈ ਕਿ ਇਹ ਭਾਸ਼ਾਈ ਸਰਵੇਖਣ ਬੈਠੇ ਬੈਠਾਏ ਅਮਨ ਤੇ ਸ਼ਾਂਤੀ ਨਾਲ ਰਹਿ ਰਹੇ ਲੋਕਾਂ ਵਿਚ ਫਰਕ ਪਾਉਣ ਤੋਂ ਸਿਵਾ ਹੋਰ ਕੁਝ ਨਹੀਂ ਸੀ। ਕੀ ਇਹ ਮਸਲੇ ਇਕ ਮੇਜ਼ ਦੇ ਦੁਆਲੇ ਬੈਠਕੇ ਹੱਲ ਨਹੀਂ ਹੋ ਸਕਦੇ ? ਇਹ ਯਕੀਨਨ ਹੋ ਸਕਦੇ ਹਨ ਜੇ ਨੀਅਤਾਂ ਠੀਕ ਹੋਣ। ਲੋਕਾਂ ਨੂੰ ਵੀ ਸਮਝਾਇਆ ਜਾ ਸਕਦਾ ਹੈ। ਇਹ ਕੋਈ ਮੁਸ਼ਕਿਲ ਕੰਮ ਨਹੀਂ।

o ਸਤਲੁੱਜ ਯਮਨਾਂ ਨਹਿਰ ਦੀ ਖੁਦਵਾਈ ਵਿਚ ਰੋਕ ਤੇ ਇਸ ਮਾਮਲੇ ਵਿਚ ਪੰਜਾਬ ਸਰਕਾਰ ਦੀ ਡਾਂਵਾਂਡੋਲਤਾ ਤੇ ਵੇਲੇ ਸਿਰ ਫੈਸਲਾ ਨਾ ਲੈਣਾ ਇਕ ਨਿੰਦਣਯੋਗ ਕਦਮ ਹੈ। ਇਹ ਇਕ ਵੱਡਾ ਕਾਰਨ ਹੈ ਕਿ ਪੰਜਾਬ ਸਰਕਾਰ ਕੇਂਦਰ ਉਤੇ ਜ਼ੋਰ ਨਹੀਂ ਪਾ ਸਕੀ ਕਿ 26 ਜਨਵਰੀ ਚੰਡੀਗੜ੍ਹ ਪੰਜਾਬ ਦੇ ਹਵਾਲੇ ਕੀਤਾ ਜਾਏ ਪੰਜਾਬ ਸਮਝੌਤੇ ਦੇ ਅਧੀਨ ਇਹ ਕੇਂਦਰੀ ਹਕੂਮਤ ਦਾ ਫਰਜ਼ ਸੀ ਕਿ ਉਹ 26 ਜਨਵਰੀ ਚੰਡੀਗੜ੍ਹ ਪੰਜਾਬ ਦੇ ਹਵਾਲੇ ਕਰਦੀ ਤੇ ਨਾਲ ਹੀ ਜ਼ੋਰ ਦੇ ਕੇ ਸਤਲੁੱਜ ਯਮਨਾ ਨਹਿਰ 15 ਅਗਸਤ ਤਕ ਮੁਕੰਮਲ ਕਰਵਾਂਦੀ। ਇਸ ਤਰ੍ਹਾਂ ਨਾ ਹੋਣ ਕਰਕੇ ਹੁਣ ਉਮੀਦ ਹੀ ਨਹੀਂ ਕੀਤੀ ਜਾ ਸਕਦੀ ਕਿ ਕੋਈ ਵੀ ਸਮਝੌਤਾ ਕਦੀ ਵੀ ਪੂਰਾ ਕੀਤਾ ਜਾ ਸਕਦਾ ਹੈ। ਹਰ ਇਕ ਧਿਰ ਕੋਈ ਨਾ ਕੋਈ ਬਹਾਨਾ ਲਗਾ ਕੇ ਅਪਣੀ ਜ਼ਿਮੇਵਾਰੀ ਤੋਂ ਮੁਨਕਰ ਹੋ ਸਕਦੀ ਹੈ। ਹਵਾ ਵਿਚ ਲਟਕਦਾ ਹਰ ਮਸਲਾ ਲੋਕਾਂ ਵਿਚ ਖਾਮਖਾਹ ਖਿਚਾਅ ਪੈਦਾ ਕਰਦਾ ਹੈ।

o ਅਕਾਲੀ ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਉਹ ਸਿੱਖ ਫੌਜੀਆਂ ਦੀ, ਜਿਨ੍ਹਾਂ ਨੇ ਹਰਮੰਦਿਰ ਸਾਹਿਬ ਉਤੇ ਹੋਏ ਫੌਜੀ ਹਮਲੇ ਬਾਰੇ ਆਪਣਾ ਪ੍ਰਤੀਕਰਮ ਵਿਖਾਂਦੇ ਹੋਏ ਬਗਾਵਤ ਕੀਤੀ, ਆਮ ਮੁਆਫੀ ਲਈ ਕੇਂਦਰ ਤੇ ਜ਼ੋਰ ਪਾਏ। ਇਸੇ ਤਰ੍ਹਾਂ ਜੋਧਪੁਰ ਦੀਆਂ ਜੇਲ੍ਹਾਂ ਵਿਚ ਬੰਦ ਨੌਜਵਾਨਾਂ ਦੀ ਰਿਹਾਈ ਵੀ ਹੋਣੀ ਚਾਹੀਦੀ ਹੈ। ਇਹ ਕਹਿਣਾ ਕਿ ਉਹਨਾਂ ਨੇ ਹਰਿਮੰਦਰ ਸਾਹਿਬ ਵਿਚ ਭਾਰਤੀ ਫੌਜ ਵਿਰੁੱਧ ਲੜਾਈ ਵਿਚ ਹਿੱਸਾ ਲੈਣ ਦਾ ਜੁਰਮ ਕੀਤਾ ਹੈ, ਇਕ ਬੇਹੂਦਾ ਜਿਹੀ ਗੱਲ ਹੈ। ਲੜਾਈ ਹੋਈ, ਇਕ ਧਿਰ ਹਾਰ ਗਈ। ਉਹ ਹੁਣ 20-20 ਮਹੀਨਿਆਂ ਦੀ ਕੈਦ ਭੁਗਤ ਚੁੱਕੇ ਹਨ। ਪੁੱਛ-ਗਿੱਛ ਦੌਰਾਨ ਘੋਰ ਤਸੀਹੇ ਸਹਿ ਚੁੱਕੇ ਹਨ। ਹੁਣ ਉਹਨਾਂ ਨੂੰ ਹੋਰ ਕੀ ਫਾਹੇ ਲਾ ਲੈਣਾ ਏ। ਉਹਨਾਂ ਵਿਚ ਜੇਕਰ ਕੋਈ ਖਤਰਨਾਕ ਕਿਸਮ ਦੇ ਮੁਜਰਿਮ ਹਨ ਤੇ ਉਹਨਾਂ ਤੇ ਸਾਧਾਰਨ ਲੋਕਾਂ ਦੇ ਕਤਲ ਦਾ ਇਲਜ਼ਾਮ ਹੈ, ਤਾਂ ਬਾਕਾਇਦਾ ਮੁਕੱਦਮੇ ਚਲਾ ਕੇ ਉਹਨਾਂ ਨੂੰ ਸਜ਼ਾ ਦਿੱਤੀ ਜਾਏ। ਇਸ ਤਰ੍ਹਾਂ ਉਹਨਾਂ ਨੂੰ ਬਗੈਰ ਮੁਕੱਦਮੇ ਜਾਂ ਬਗੈਰ ਜੁਰਮ ਸਾਬਤ ਕੀਤੇ ਡੱਕੀ ਰੱਖਣਾ, ਇਕ ਬੜੀ ਨਾਵਾਜਬ ਗੱਲ ਹੈ। ਅਕਾਲੀ ਸਰਕਾਰ ਵਲੋਂ ਚੋਣਾਂ ਦੇ ਦਰਮਿਆਨ ਦਿੱਤੇ ਇਹਨਾਂ ਵਾਅਦਿਆਂ ਤੋਂ ਘੇਸ ਵੱਟ ਜਾਣੀ ਹੀ ਸਿੱਖ ਸਟੂਡੈਂਟ ਫੈਡਰੇਸ਼ਨ ਵਾਲਿਆਂ ਨੂੰ ਇਹ ਮੌਕਾ ਦੇ ਰਹੀ ਹੈ ਕਿ ਉਹ ਆਪਣੀਆਂ ਸਰਗਰਮੀਆਂ ਪੂਰੀ ਤਰ੍ਹਾਂ ਲੋਕਾਂ ਵਿਚ ਫੈਲਾ ਸਕਣ ਅਤੇ ਖਾਲਿਸਤਾਨ ਦੇ ਹੱਕ ਵਿਚ ਖੁਲ੍ਹੇਆਮ ਜੈਕਾਰੇ ਲਗਾ ਸਕਣ। ਅਤਿਵਾਦ ਦਾ ਮਸਲਾ ਇਕ ਪਾਸੇ ਜੇਲਬੰਦ ਕੈਦੀਆਂ ਵੱਲ ਫਰਾਖਦਿਲੀ ਵਿਖਾ ਕੇ ਤੇ ਦੂਜੇ ਪਾਸੇ ਉਹਨਾਂ ਦੀਆਂ ਬਾਹਰ ਦੀਆਂ ਕਾਰਵਾਈਆਂ ਨੂੰ ਦ੍ਰਿੜਤਾ ਨਾਲ ਦਬਾ ਕੇ ਨਜਿੱਠਿਆ ਜਾ ਸਕਦਾ ਸੀ ਪਰ ਬਰਨਾਲਾ ਸਰਕਾਰ ਇਸ ਵਿਚ ਫੇਲ ਸਾਬਤ ਹੋਈ ਹੈ।

o ਹਰਿਮੰਦਰ ਸਾਹਿਬ ਕੰਪਲੈਕਸ ਵਿਚ ਵਾਪਰ ਰਹੀਆਂ ਘਟਨਾਵਾਂ ਵੀ ਸਾਡੇ ਫਿਕਰ ਦਾ ਕਾਰਨ ਹੋਣਾ ਚਾਹੀਦਾ ਹੈ। ਖੱਬੀ ਧਿਰ ਲਈ ਨਾਸਤਿਕਤਾ ਦੇ ਫਲਸਫੇ ਦਾ ਧਾਰਨੀ ਹੋਣ ਕਰਕੇ ਧਰਮ ਦੇ ਮਾਮਲਿਆਂ ਵਿਚ ਦਖਲਅੰਦਾਜ਼ੀ ਅਸੂਲਨ ਤੌਰ ਤੇ ਵਾਜਬ ਨਹੀਂ, ਪਰ ਕਿਉਂਕਿ ਇਹ ਘਟਨਾਵਾਂ ਪੰਜਾਬ ਦੀ ਸਮੁੱਚੀ ਸਿਆਸਤ ਵਿਚ ਬਹੁਤ ਅਸਰ ਰੱਖਦੀਆਂ ਹਨ, ਇਸ ਲਈ ਇਸਦੇ ਬਾਰੇ ਰਾਏ ਜ਼ਰੂਰ ਸਪੱਸ਼ਟ ਹੋਣੀ ਚਾਹੀਦੀ ਹੈ। ਗੁਰਦੁਆਰਾ ਐਕਟ ਦੇ ਅਨੁਸਾਰ ਗੁਰਦੁਆਰਿਆਂ ਦਾ ਸਾਰਾ ਪ੍ਰਬੰਧ ਚਲਾਉਣ ਦਾ ਹੱਕ ਕਾਨੂੰਨੀ ਤੌਰ ਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਹੈ ਜੋ ਕਿ

ਸਿੱਖਾਂ ਦੀ ਇਕ ਚੁਣੀ ਹੋਈ ਕਮੇਟੀ ਹੈ। ਇਹ ਚੋਣ ਹੋਇਆਂ ਦਸ ਸਾਲ ਤੋਂ ਵੱਧ ਸਮਾਂ ਹੋ ਗਿਆ ਹੈ। ਇਸ ਦਰਮਿਆਨ ਜੋ ਘਟਨਾਵਾਂ ਵਾਪਰੀਆਂ ਹਨ, ਉਹਨਾਂ ਸਾਬਤ ਕੀਤਾ ਹੈ ਕਿ ਇਹ ਕਮੇਟੀ ਇਹ ਪ੍ਰਬੰਧ ਕਰਨ ਦੇ ਯੋਗ ਨਹੀਂ। ਓਪਰੇਸ਼ਨ ਬਲਿਊ ਸਟਾਰ ਤੋਂ ਪਹਿਲਾਂ, ਹਰਿਮੰਦਰ ਸਾਹਿਬ ਕੰਪਲੈਕਸ ਵਿਚ ਹਥਿਆਰਬੰਦ ਲੋਕਾਂ ਦਾ ਖੁੱਲ੍ਹੇਆਮ ਦਹਿਸ਼ਤ ਫੈਲਾਉਣਾ, ਹਰਿਮੰਦਿਰ ਸਾਹਿਬ ਤੇ ਫੌਜੀ ਹਮਲਾ, ਅਕਾਲ ਤਖਤ ਦਾ ਢਹਿ ਜਾਣਾ, ਬਾਬਾ ਸੰਤਾ ਸਿੰਘ ਦੀ ਨਿਗਰਾਨੀ ਵਿਚ ਇਹਦਾ ਸਰਕਾਰ ਵਲੋਂ ਫਿਰ ਬਣਾਇਆ ਜਾਣਾ, ਹੁਣ ਫੇਰ ਢਾਹਿਆ ਜਾਣਾ ਤੇ ਇਸ ਗੱਲ ਦਾ ਝਗੜਾ ਕਿ ਢਾਹੇ ਤੇ ਬਣਾਏ ਕੌਣ, ਦਮਦਮੀ ਟਕਸਾਲ ਦਾ ਸਰਬੱਤ ਖਾਲਸਾ ਬੁਲਾਇਆ ਜਾਣਾ, ਅਕਾਲ ਤਖਤ ਦਾ ਨਵਾਂ ਜਥੇਦਾਰ ਚੁਣ ਲਿਆ ਜਾਣਾ ਆਦਿਕ ਇਹ ਸਭ ਘਟਨਾਵਾਂ ਹੁਣ ਮੰਗ ਕਰਦੀਆਂ ਹਨ ਕਿ ਪਹਿਲੀ ਕਮੇਟੀ ਭੰਗ ਕੀਤੀ ਜਾਏ ਅਤੇ ਨਵੇਂ ਸਿਰੇ ਤੋਂ ਚੋਣਾਂ ਕਰਕੇ ਐਸੀ ਕਮੇਟੀ ਚੁਣੀ ਜਾਏ ਜਿਸ ਕੋਲ ਬਹੁ ਗਿਣਤੀ ਸਿੱਖਾਂ ਦਾ ਵਿਸ਼ਵਾਸ ਹੋਵੇ। ਜਿੰਨਾ ਚਿਰ ਇਹ ਨਹੀਂ ਹੁੰਦਾ ਇਕ ਨਿਰਪੱਖ ਐਡਹਾਕ ਕਮੇਟੀ ਗੁਰਦੁਆਰਿਆਂ ਦਾ ਪ੍ਰਬੰਧ ਆਪਣੀ ਨਿਗਰਾਨੀ ਥੱਲੇ ਚਲਾਏ। ਅਕਾਲ ਤਖਤ ਬਾਰੇ ਹਰ ਕਾਰਵਾਈ ਆਰਜ਼ੀ ਤੌਰ ਤੇ ਰੋਕ ਦਿੱਤੀ ਜਾਏ। ਦਮਦਮੀ ਟਕਸਾਲ ਅਤੇ ਸ਼ਰੋਮਣੀ ਅਕਾਲੀ ਦਲ ਜੋ ਸਿੱਖਾਂ ਵਿਚ ਦੋ ਧਿਰਾਂ ਦੇ ਤੌਰ ਤੇ ਨਿੱਖਰ ਕੇ ਸਾਹਮਣੇ ਆਈਆਂ ਹਨ, ਉਹਨਾਂ ਵਿਚੋਂ ਜਿਹੜੀ ਧਿਰ ਕੋਲ ਗੁਰਦੁਆ-ਰਿਆਂ ਦਾ ਪ੍ਰਬੰਧ ਚਲਾਉਣ ਦਾ ਹੱਕ ਹੈ, ਇਸਦਾ ਫੈਸਲਾ ਜਮਹੂਰੀ ਢੰਗ ਨਾਲ ਨਵੀਂ ਕਮੇਟੀ ਦੀ ਚੋਣ ਨਾਲ ਕੀਤਾ ਜਾਏ। ਸਰਬੱਤ ਖਾਲਸਾ ਵਾਲੀ ਗੱਲ ਅੱਜ ਦੇ ਹਾਲਾਤ ਤੇ ਲਾਗੂ ਨਹੀਂ ਹੁੰਦੀ। ਬਾਬਾ ਸੰਤਾ ਸਿੰਘ ਨੇ ਵੀ ਸਰਬੱਤ ਖਾਲਸਾ ਕਨਵੈਨਸ਼ਨ ਕੀਤੀ ਸੀ। ਹੁਣ ਦਮਦਮੀ ਟਕਸਾਲ ਵਾਲਿਆਂ ਨੇ ਵੀ ਕੀਤੀ ਹੈ। ਕੱਲ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਕਰੇਗੀ। ਆਪਣੇ ਹੀ ਲੋਕ ਇਕੱਠੇ ਕਰਕੇ ਹੱਥ ਖੜੇ ਕਰਵਾ ਲੈਣੇ ਜਾਂ ਜੈਕਾਰੇ ਬੁਲਵਾ ਕੇ ਕਿਸੇ ਗੱਲ ਦੀ ਪ੍ਰਵਾਨਗੀ ਲੈ ਲੈਣੀ, ਇਕ ਧੋਖੇ ਵਾਲੀ ਕਾਰਵਾਈ ਤੋਂ ਸਿਵਾ ਕੁਝ ਨਹੀਂ। ਦਰਬਾਰ ਸਾਹਿਬ ਕੰਪਲੈਕਸ ਦੀ ਪਵਿੱਤਰਤਾ ਪੂਰੀ ਤਰ੍ਹਾਂ ਭੰਗ ਹੋ ਚੁੱਕੀ ਹੈ। ਤੁਸੀਂ ਕਲਪਨਾ ਕਰੋ, ਇਸ ਦ੍ਰਿਸ਼ ਨੂੰ, ਜੋ ਦਰਬਾਰ ਸਾਹਿਬ ਕੰਪਲੈਕਸ ਵਿਚ 19 ਜਨਵਰੀ ਵੇਖਿਆ ਗਿਆ। ਗੁਰੂ ਗਰੰਥ ਸਾਹਿਬ ਦਾ ਅਖੰਡ ਪਾਠ ਹੋ ਰਿਹਾ ਹੈ। ਭਾਈ ਸਾਹਬ ਪਾਠ ਕਰ ਰਹੇ ਹਨ। ਦੋ ਬੰਦੂਕਧਾਰੀ ਸੇਵਾਦਾਰ ਉਹਨਾਂ ਦੀ ਰਖਵਾਲੀ ਕਰ ਰਹੇ ਹਨ। ਭਾਈ ਸਾਹਬ ਪਾਠ ਨਹੀਂ ਕਰ ਰਹੇ, ਸਿਰਫ ਤੋਤਾ ਰੱਟਣੀ ਕਰ ਰਹੇ ਹਨ, ਕਿਉਂਕਿ ਉਹਨਾਂ ਦਾ ਧਿਆਨ ਸਾਹਮਣੇ ਖਲੋਤੇ ਬੰਦੂਕਧਾਰੀ ਲੋਕਾਂ ਵੱਲ ਹੈ, ਜੋ ਬਰਨਾਲਾ ਦੇ ਕਾਕਾ ਜੀ ਗਗਨਦੀਪ ਸਿੰਘ ਨਾਲ ਲਿਆਏ ਹਨ (ਇਹ ਗਗਨਦੀਪ ਹੁਣ ਅਸਮਾਨ ਤੇ ਨਵਾਂ ਤਾਰਾ ਚੜ੍ਹਿਆ ਹੈ)। ਗਗਨਦੀਪ ਦੇ ਜ਼ਰਖੰਦ ਕੁਝ ਕਾਰਵਾਈ ਕਰਨਾ ਚਾਹੁੰਦੇ ਹਨ ਪਰ ਬਾਬੇ ਦਾ ਪਾਠ ਖੁਲ੍ਹਿਆ ਹੋਇਆ ਹੈ, ਇਸ ਕਰਕੇ ਉਹ ਕੁਝ ਨਹੀਂ ਕਰ ਸਕਦੇ। ਪੜ੍ਹਿਆ ਕਰਦੇ ਸਾਂ ਕਿ ਮੁਸਲਮਾਨ ਹਮਲਾਆਵਰ ਜਦੋਂ ਭਾਰਤ ਆਏ ਤਾਂ ਰਾਜਪੂਤਾਂ ਵਿਰੁਧ ਲੜਦੇ ਹੋਏ ਉਹ ਗਾਂਵਾਂ ਦੇ ਇੱਜੜ ਅੱਗੇ ਲਾ ਦੇਂਦੇ ਸਨ। ਰਾਜਪੂਤ ਗਊਆਂ ਉਤੇ ਵਾਰ ਨਹੀਂ ਕਰ ਸਕਦੇ ਸਨ ਤੇ ਗਊਆਂ ਦਾ ਸਹਾਰਾ ਲੈਂਦੇ ਹੋਏ ਮੁਸਲਮਾਨ ਜੰਗ ਜਿਤ ਜਾਂਦੇ ਸਨ। ਬਾਬੇ ਦਾ ਖੁਲ੍ਹਿਆ ਪਾਠ ਵੀ ਅੱਜ ਦੇ ਪ੍ਰਸੰਗ ਵਿਚ ਇਹੋ ਗਾਂਈਆਂ ਵਾਲੀ ਭੂਮਿਕਾ ਨਿਭਾ ਰਿਹਾ ਹੈ। ਹੁਣ ਹਰਮੰਦਰ ਸਾਹਿਬ ਵਿਚ ਸਭ ਕੁਝ ਉੱਥਲ ਪੁੱਥਲ ਹੋ ਗਿਆ ਹੈ। ਇੰਦਰਾ ਗਾਂਧੀ ਵਲੋਂ ਭੇਜੀਆਂ ਫੌਜਾਂ ਵਲੋਂ ਨਹੀਂ, ਸਗੋਂ ਸਿੰਘਾਂ ਦੀਆਂ ਅਪਣੀਆਂ ਫੌਜਾਂ ਵਲੋਂ। (ਉਂਝ ਜੋ ਕੁਝ ਉਥੇ ਹੋ ਰਿਹਾ ਹੈ, ਫੌਜ ਫੇਰ ਦਰਬਾਰ ਸਾਹਿਬ ਵਿਚ ਕਾਰਵਾਈ ਕਰੇ ਤਾਂ ਕੋਈ ਹੈਰਾਨੀ ਨਹੀਂ ਹੋਏਗੀ)। ਇਹ ਧੱਕੇਸ਼ਾਹੀ ਵਾਲੀਆਂ ਕਾਰਵਾਈਆਂ ਹਾਲੀ ਭਾਵੇਂ ਹਰਮੰਦਰ ਸਾਹਿਬ ਦੀ ਹੱਦ ਵਿਚ ਹੀ ਹੋ ਰਹੀਆਂ ਹਨ, ਪਰ ਇਹਨਾਂ ਦਾ ਭੈੜਾ ਪਰਛਾਂਵਾਂ ਬਾਹਰ ਦੀ ਜ਼ਿੰਦਗੀ ਉਤੇ ਵੀ ਪੈ ਰਿਹਾ ਹੈ। ਸਾਨੂੰ ਹੌਸਲੇ ਨਾਲ ਇਹਨਾਂ ਕਾਰਵਾਈਆਂ ਦੀ ਨਿਖੇਧੀ ਕਰਨੀ ਚਾਹੀਦੀ ਹੈ ਭਾਵੇਂ ਇਹ ਗਗਨਦੀਪ ਵਲੋਂ ਸਰਕਾਰੀ ਸ਼ਹਿ ਤੇ ਲਿਆਂਦੇ ਗਏ ਭਾੜੇ ਦੇ ਬੰਦਿਆਂ ਵਲੋਂ ਕੀਤੀ ਜਾਏ ਜਾਂ ਦਮਦਮੀ ਟਕਸਾਲ ਦੇ ਸਿੰਘਾਂ ਵਲੋਂ ਕੀਤੀ ਜਾਏ।

ਉਤਲੀਆਂ ਕਹੀਆਂ ਗੱਲਾਂ ਦੇ ਪਰਿਪੇਖ ਵਿਚ ਸਮੁੱਚੇ ਲੋਕਾਂ ਲਈ ਭਾਵੇਂ ਉਹ ਪੰਜਾਬ ਵਿਚ ਰਹਿ ਰਹੇ ਹਨ ਜਾਂ ਹਰਿਆਣੇ ਵਿਚ ਰਹਿ ਰਹੇ ਹਨ ਜਾਂ ਭਾਰਤ ਦੇ ਹੋਰਨਾਂ ਹਿੱਸਿਆਂ ਵਿਚ ਵੱਸ ਰਹੇ ਹਨ, ਸਹੀ ਰਾਹ ਇਹੀ ਹੈ ਕਿ ਇਹ ਮੰਗ ਕੀਤੀ ਜਾਏ ਚੰਡੀਗੜ੍ਹ ਬਿਨਾਂ ਦੇਰ ਪੰਜਾਬ ਦੇ ਹਵਾਲੇ ਕੀਤਾ ਜਾਏ, ਸਤਲੁਜ ਯਮਨਾ ਨਹਿਰ ਛੇਤੀ ਤੋਂ ਛੇਤੀ 15 ਅਗਸਤ ਤਕ ਮੁਕੰਮਲ ਕੀਤੀ ਜਾਏ, ਹਰਿਆਣਾ ਅਤੇ ਪੰਜਾਬ ਦੀਆਂ ਹੁਣ ਦੀਆਂ ਸੀਮਾਵਾਂ ਨੂੰ ਹਾਲੇ ਛੇੜਿਆ ਨਾ ਜਾਏ ਸਗੋਂ ਇਹ ਯਤਨ ਕੀਤਾ ਜਾਏ ਕਿ ਇਸ ਮਸਲੇ ਨੂੰ ਮੇਜ਼ ਦੇ ਦੁਆਲੇ ਆਪਸੀ ਭਾਈਚਾਰੇ ਦੇ ਵਾਤਾਵਰਨ ਵਿਚ ਹੱਲ ਕੀਤਾ ਜਾਏ (ਇਹ ਕੋਈ ਸਲਤਨਤਾਂ ਦੇ ਬਟਵਾਰੇ ਨਹੀਂ ਕਿ ਏਨਾਂ ਖਿਚਾਅ ਪੈਦਾ ਕੀਤਾ ਜਾਏ, ਆਖਰ ਇਕ ਸੂਬੇ ਵਿਚ ਹੋਣ ਜਾਂ ਦੂਜੇ ਸੂਬੇ ਵਿਚ ਹੋਣ, ਇਹ ਪਿੰਡ ਭਾਰਤ ਤੋਂ ਬਾਹਰ ਨਹੀਂ ਜਾ ਰਹੇ) ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਦੀ ਫੌਰੀ ਤੌਰ

ਤੇ ਤੁੱਖ ਏਲਾਨੀ ਜਾਏ ਤੇ ਇਹਨਾਂ ਚੋਣਾਂ ਦਾ ਫੈਸਲਾ ਸਭ ਧਿਰਾਂ ਸਵੀਕਾਰ ਕਰਨ, ਹੁਣ ਦੀ ਪ੍ਰਬੰਧਕ ਕਮੇਟੀ ਇਕ ਚੋਣਵੀਂ ਕਮੇਟੀ ਹੋਣ ਦਾ ਹੱਕ ਗਵਾ ਬੈਠੀ ਹੈ), ਅਤਿਵਾਦ ਦੇ ਨਾਂ ਥੱਲੇ ਕਾਤਲਾਨਾ ਕਾਰਵਾਈਆਂ ਨੂੰ ਸਖਤੀ ਨਾਲ ਰੋਕਿਆ ਜਾਏ, ਪਰ ਇਸ ਮਸਲੇ ਨੂੰ ਜੇਲ੍ਹਾਂ ਵਿਚ ਬੰਦ ਨੌਜਵਾਨਾਂ ਨਾਲ ਜਾਂ ਜਜ਼ਬਾਤ ਵਿਚ ਆ ਕੇ ਫੌਜੀਆਂ ਵਲੋਂ ਕੀਤੀ ਬਗ਼ਾਵੱਤ ਨਾਲ ਨਾ ਜੋੜਿਆ ਜਾਏ। ਜੇਲ੍ਹ ਬੰਦ ਨੌਜਵਾਨਾਂ ਦੀ ਰਿਹਾਈ ਤੇ ਬਰਖਾਸਤ ਕੀਤੇ ਫੌਜੀਆਂ ਦੀ ਬਹਾਲੀ ਦੀ ਮੰਗ ਇਕ ਹੱਕੀ ਮੰਗ ਹੈ।

ਹੱਕ ਦੀ ਗੱਲ ਕਰਦਿਆਂ ਹੀ ਲੋਕਾਂ ਨੂੰ ਇਸ ਨਿਜ਼ਾਮ ਦੀ ਬਰਾਬਰਤਾ ਬਾਰੇ ਚੇਤਨ ਕੀਤਾ ਜਾ ਸਕਦਾ ਹੈ, ਐਸਾ ਨਿਜ਼ਾਮ ਜਿਸ ਵਿਚ 60 ਫੀ ਸਦੀ ਲੋਕ ਭੁੱਖ-ਮਰੀ ਦੇ ਪੱਧਰ ਥੱਲੇ ਜੀ ਰਹੇ ਹਨ ਤੇ ਜ਼ਿੰਦਗੀ ਦੀ ਹਰ ਸਹੂਲਤ ਤੋਂ ਵਾਂਝੇ ਹਨ। ਇਹ ਨਿਜ਼ਾਮ ਬਦਲਣ ਦਾ ਮਸਲਾ ਚੰਡੀਗੜ੍ਹ, ਕੰਦੂਖੇੜਾ, ਅਕਾਲ ਤਖਤ ਦੇ ਢਾਹੁਣ ਤੇ ਬਨਾਉਣ ਦੇ ਮਸਲਿਆਂ ਤੋਂ ਵੱਡਾ ਮਸਲਾ ਹੈ ਤੇ ਕ੍ਰੋੜਾਂ ਲੋਕਾਂ ਲਈ ਜ਼ਿੰਦਗੀ ਤੇ ਮੌਤ ਦਾ ਮਸਲਾ ਹੈ। ਖੱਬੀ ਧਿਰ ਨੂੰ ਦ੍ਰਿੜਤਾ ਨਾਲ ਇਹ ਸਿਆਸਤ ਲੋਕਾਂ ਵਿਚ ਲਿਜਾਣੀ ਚਾਹੀਦੀ ਹੈ।

**—ਗੁਰਸ਼ਰਨ ਸਿੰਘ**

---

**੦ ਭਾਰਤ ਵਿਚ ਲੋਕ ਅਤਿ ਗ਼ਰੀਬੀ ਵਿਚ ਜੀਵਨ ਬਤੀਤ ਕਰ ਰਹੇ ਹਨ। ਗ਼ਰੀਬ ਹੋਰ ਗ਼ਰੀਬ ਹੋ ਰਹੇ ਹਨ ਤੇ ਅਮੀਰ ਹੋਰ ਅਮੀਰ ਹੋ ਰਹੇ ਹਨ :**

ਸ਼ਹਿਰਾਂ ਵਿਚ ਟੀ. ਵੀ. ਦੇ ਵੱਧ ਤੋਂ ਵੱਧ ਖੰਭੇ (ਐਨਟੀਨੇ) ਵੇਖਕੇ ਆਮ ਇਹ ਕਿਹਾ ਜਾਂਦਾ ਹੈ ਕਿ ਲੋਕ ਅਗੇ ਤੋਂ ਵੱਧ ਖੁਸ਼ਹਾਲ ਹੋ ਰਹੇ ਹਨ। ਸਰਕਾਰੀ ਭਗਤ ਲੋਕ ਇਹ ਵੀ ਕਹਿੰਦੇ ਸੁਣੇ ਜਾਂਦੇ ਹਨ ਕਿ ਦੇਖੋ ਭਾਰਤ ਨੇ ਕਿੰਨੀ ਤਰੱਕੀ ਕੀਤੀ ਹੈ। ਆਜ਼ਾਦੀ ਤੋਂ ਪਹਿਲਾਂ ਅਸੀਂ ਸੂਈ ਵੀ ਆਪ ਨਹੀਂ ਬਣਾਂਦੇ ਸਾਂ, ਹੁਣ ਵਡੀ ਤੋਂ ਵਡੀ ਮਸ਼ੀਨਰੀ ਇਥੇ ਬਣਦੀ ਹੈ। ਹਵਾਈ ਜਹਾਜ਼ਾਂ ਦੇ ਪੁਰਜ਼ੇ ਬਣਨ ਲਗ ਪਏ ਹਨ। ਐਟਮੀ ਰੀਐਕਟਰ ਵੀ ਅਸੀਂ ਬਨਾਉਣ ਲਗ ਪਏ ਹਾਂ। ਬਾਹਰੋਂ ਬਾਹਰੋਂ ਤਰੱਕੀ ਦੇ ਇਹ ਚਿੰਨ੍ਹ ਵੇਖਕੇ ਭੁਲੇਖਾ ਲਗ ਹੀ ਜਾਂਦਾ ਹੈ ਤੇ ਬੰਦਾ ਸੋਚਦਾ ਹੈ ਕਿ ਵਾਕਈ ਜੇਕਰ ਇਸ ਤਰ੍ਹਾਂ ਤਰੱਕੀ ਹੋ ਰਹੀ ਹੈ ਤਾਂ ਫੇਰ ਰੌਲਾ ਕਾਹਦਾ। ਪਰ ਥੋੜਾ ਜਿਹਾ ਡੂੰਘਾ ਸੋਚਦਿਆਂ ਹੀ ਅਸੀਂ ਇਸ ਨਤੀਜੇ ਤੇ ਪੁੱਜ ਸਕਦੇ ਹਾਂ ਕਿ ਇਹੋ ਜਿਹੀ ਤਰੱਕੀ ਤਾਂ ਅੰਗਰੇਜ਼ਾਂ ਵੇਲੇ ਵੀ ਹੋਈ ਸੀ, ਉਹਨਾਂ ਦੇ ਰਾਜ ਵਿਚ ਰੇਲਾਂ, ਡਾਕ ਤਾਰ ਸਿਸਟਮ, ਨਹਿਰਾਂ, ਸੜਕਾਂ ਆਦਿਕ ਬਣੀਆਂ ਪਰ ਬਾਅਦ ਵਿਚ ਅਸਲੀਅਤ ਇਹ ਸਮਝ ਆਈ ਕਿ ਅੰਗਰੇਜ਼ ਤਾਂ ਸਾਨੂੰ ਪੂਰੀ ਤਰ੍ਹਾਂ ਕੰਗਾਲ ਕਰ ਗਏ। ਉਹ ਤਾਂ ਬਾਹਰ ਦੇ ਲੋਕ ਸਨ ਪਰ ਇਥੇ ਕਾਂਗਰਸ ਦੇ ਰਾਜ ਵਿਚ 38 ਸਾਲ ਵਿਚ ਇਸ ਤਰ੍ਹਾਂ ਲੋਕ ਕੰਗਾਲ ਹੋਏ ਹਨ ਤੇ ਭੁਖਮਰੀ ਦੇ ਪੱਧਰ ਥੱਲੇ ਵੱਧ ਤੋਂ ਵੱਧ ਲੋਕ ਜੀ ਰਹੇ ਹਨ, ਇਹ ਹੇਠ ਲਿਖੇ ਅੰਕੜੇ ਦਸਦੇ ਹਨ ਜੋ ਕਿ ਸਰਕਾਰੀ ਦਸਤਾਵੇਜ਼ਾਂ ਵਿਚੋਂ ਲਏ ਗਏ ਹਨ। ਕਿਸੇ ਦੇਸ਼ ਦੀ ਸਹੀ ਤਰੱਕੀ ਦਾ ਅਨੁਮਾਨ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਦੇਸ਼ ਵਿਚ ਪੈਦਾ ਕੀਤੀ ਦੌਲਤ ਦੀ ਵੰਡ ਇਸ ਤਰ੍ਹਾਂ ਹੁੰਦੀ ਹੈ ਤੇ ਸਾਧਾਰਨ ਬੰਦੇ ਨੂੰ ਕਿਨੀਆਂ ਸਹੂਲਤਾਂ ਮਹਈਆਂ ਹਨ, ਇਹ ਅੰਕੜੇ ਦਸਦੇ ਹਨ ਕਿ ਭਾਰਤ ਲੁੱਟੇ ਪੁੱਟੇ ਲੋਕਾਂ ਦਾ ਇਕ ਕੰਗਾਲ ਦੇਸ਼ ਹੈ।

**ਪੇਂਡੂ ਵਸੋਂ ਬਾਰੇ**

35 ਸਾਲਾਂ ਦੇ ਜ਼ਮੀਨੀ ਸੁਧਾਰਾਂ ਦੇ ਕਾਨੂੰਨ ਲਾਗੂ ਹੋ ਜਾਣ ਦੇ ਬਾਵਜੂਦ 70 ਫੀ ਸਦੀ ਜੋ ਪੇਂਡੂ ਲੋਕ ਹਨ, ਉਹਨਾਂ ਕੋਲ ਸਿਰਫ 20 ਫੀਸਦੀ ਜ਼ਮੀਨ ਹੈ, ਜਦੋਂ ਕਿ ਉਤਲੇ 10 ਫੀ ਸਦੀ ਲੋਕਾਂ ਕੋਲ 53 ਫੀ ਸਦੀ ਜ਼ਮੀਨ ਹੈ। ਇਸ ਤਰ੍ਹਾਂ ਹਲ ਵਾਹਕ ਕੋਲ ਜ਼ਮੀਨ ਹੋਣੀ ਚਾਹੀਦੀ ਹੈ, ਇਹ ਨਾਅਰਾ ਬਿਲਕੁਲ ਝੂਠਾ ਪੈ ਚੁਕਿਆ ਹੈ। ਪੇਂਡੂ ਵਸੋਂ ਦੀ 73 ਫੀ ਸਦੀ ਲੋਕਾਈ ਸ਼ਾਹਾਂ ਦੇ ਕਰਜ਼ਿਆਂ ਥੱਲੇ ਹੈ ਜਿਸਦਾ ਸੂਦ 50 ਫੀ ਸਦੀ ਤੋਂ 200 ਫੀ ਸਦੀ ਪ੍ਰਤੀ ਸਾਲ ਹੈ।

ਭਾਵੇਂ ਘੱਟ ਤੋਂ ਘੱਟ ਉਜਰਤ ਜਿਹੜੀ ਸਰਕਾਰ ਵੱਲੋਂ ਮਿਥੀ ਗਈ ਹੈ, ਉਹ 8 ਰੁਪਏ ਦਿਹਾੜੀ ਹੈ ਪਰ ਅਸਲ ਉਜਰਤ ਜੋ ਖੇਤ ਮਜ਼ਦੂਰਾਂ ਨੂੰ ਮਿਲ ਰਹੀ ਹੈ ਉਹ 3 ਰੁਪਏ, 23 ਪੈਸੇ ਦਿਹਾੜੀ ਹੈ,

੦ ਇਕ ਪੇਂਡੂ ਨੂੰ ਔਸਤਨ ਹਰ ਦਿਨ ਚਾਰ ਕਿਲੋਮੀਟਰ ਤੁਰਨਾ ਪੈਂਦਾ ਹੈ ਤਾਂ ਜੋ ਉਹਨੂੰ ਪੀਣੇ ਦਾ ਪਾਣੀ ਮਿਲ ਸਕੇ;

**ਸਿਹਤ**

੦ ਭਾਰਤ ਵਿਚ ਪੰਜ ਸਾਲ ਤੋਂ ਥੱਲੇ ਦੀ ਉਮਰ ਵਾਲੇ 100 ਵਿਚੋਂ 85 ਬੱਚੇ ਭੁੱਖ-ਮਰੀ ਕਰਕੇ ਬਿਮਾਰੀਆਂ ਦੇ ਸ਼ਿਕਾਰ ਹਨ।

੦ ਹਰ ਸਾਲ 40,000 ਬੱਚੇ ਅੱਖਾਂ ਦੀ ਨਜ਼ਰ ਤੋਂ ਅੰਨ੍ਹੇ ਹੋ ਜਾਂਦੇ ਹਨ ਕਿਉਂ ਕਿ ਉਹਨਾਂ ਨੂੰ ਮਿਲਦੀ ਖ਼ੁਰਾਕ ਵਿਚ ਵਿਟਾਮਿਨ 'ਏ' ਦੀ ਘਾਟ ਹੈ। ਇਹ ਇਸ ਅੰਨ੍ਹੇ ਹੋ ਜਾਣ ਦੀ ਬਿਮਾਰੀ ਤੋਂ ਬਚਾਏ ਜਾ ਸਕਦੇ ਹਨ ਜੇਕਰ ਸਰਕਾਰ ਇਹਨਾਂ ਦੇ ਸਿਰਫ ਅੱਠ ਆਨੇ ਪ੍ਰਤੀ ਸਾਲ ਪ੍ਰਤੀ ਜੀਵ ਖਰਚ ਕਰੇ।

੦ 70 ਕ੍ਰੋੜ ਦੀ ਆਬਾਦੀ ਵਿਚੋਂ ਇਕ ਕ੍ਰੋੜ ਲੋਕ ਟੀ. ਬੀ. ਦੇ ਮਰੀਜ਼ ਹਨ, 90 ਲੱਖ ਅੰਨ੍ਹੇ ਹਨ। 45 ਕ੍ਰੋੜ

ਕਿਸੇ ਨਾ ਕਿਸੇ ਅੱਖ ਦੀ ਬਿਮਾਰੀ ਦੇ ਸ਼ਿਕਾਰ ਹਨ ।

o ਹਿੰਦੋਸਤਾਨ ਦੀ ਕੁਲ ਆਬਾਦੀ ਵਿਚੋਂ 85 ਫੀ ਸਦੀ ਅਬਾਦੀ ਲਈ ਕੋਈ ਵੀ ਹਸਪਤਾਲ ਦੀ ਸੇਵਾ ਮੁਹਈਆ ਨਹੀਂ,

o ਹਰ ਸਾਲ 15 ਲੱਖ ਬੱਚੇ ਪੇਚਸ ਦੀ ਬਿਮਾਰੀ ਕਰਕੇ ਮਰ ਜਾਂਦੇ ਹਨ ।

**ਬੇਰੁਜ਼ਗਾਰੀ**

o 1985 ਵਿਚ ਦੋ ਕ੍ਰੋੜ, 40 ਲੱਖ ਲੋਕਾਂ ਦੇ ਨਾਂ ਰੁਜ਼ਗਾਰ ਭਾਲਣ ਵਾਲੇ ਲੋਕਾਂ ਦੇ ਰਜਿਸਟਰ ਵਿਚ ਦਰਜ ਸਨ । ਇਹ ਗਿਣਤੀ ਉਸ ਗਿਣਤੀ ਦੇ ਬਰਾਬਰ ਹੈ, ਜਿਹੜੀ ਰੁਜ਼ਗਾਰ ਤੇ ਲੱਗੇ ਲੋਕਾਂ ਦੀ ਹੈ । ਇਸ ਤਰ੍ਹਾਂ ਬੇ-ਰੁਜ਼ਗਾਰ ਲੋਕਾਂ ਦੀ ਗਿਣਤੀ, ਰੁਜ਼ਗਾਰ ਤੇ ਲਗੇ ਲੋਕਾਂ ਦੇ ਬਰਾਬਰ ਹੈ ।

**ਕਹੀਆਂ ਜਾਂਦੀਆਂ ਨੀਵੀਆਂ ਜ਼ਾਤਾਂ ਅਤੇ ਘੱਟ ਗਿਣਤੀ ਦੇ ਲੋਕਾਂ ਨਾਲ ਸਲੂਕ**

o ਸਾਲ 80-83 ਦੇ ਦਰਮਿਆਨ 29 596 ਵਾਰਦਾਤਾਂ ਐਸੀਆਂ ਹੋਈਆਂ ਜਿਸ ਵਿਚ ਉੱਚ ਜ਼ਾਤੀ ਦੇ ਲੋਕਾਂ ਨੇ ਨੀਵੀਂ ਜ਼ਾਤ ਵਾਲੇ ਲੋਕਾਂ ਉਤੇ ਮਾਰੂ ਹਮਲੇ ਕੀਤੇ ।

o 1964—1982 ਦੇ ਦਰਮਿਆਨ 7500 ਵਾਰਦਾਤਾਂ ਘੱਟ ਗਿਣਤੀ ਦੇ ਲੋਕਾਂ ਵਿਰੁਧ ਹੋਈਆਂ ।

**ਗ਼ਰੀਬੀ**

o ਭਾਰਤ ਦੀ ਕੁਲ ਵਸੋਂ ਦੀ 56 ਫੀ ਸਦੀ ਆਬਾਦੀ ਭੁੱਖ ਮਰੀ ਦੇ ਪੱਧਰ ਥਲੇ ਜਿਊਂਦੀ ਹੈ ।

ਇਹ ਅੰਕੜੇ ਪੜ੍ਹਦੇ ਹੋਏ ਇਹ ਗੱਲ ਨਹੀਂ ਭੁਲਣੀ ਚਾਹੀਦੀ ਕਿ ਭਾਰਤ ਵਿਚ ਜਿਹੜੇ ਅਮੀਰ ਲੋਕ ਹਨ, ਉਹਨਾਂ ਨੇ 38 ਸਾਲ ਦੇ ਕਾਂਗਰਸ ਰਾਜ ਵਿਚ ਆਪਣੀ ਹਾਲਤ ਵਿਚ ਕਿਸ ਤਰ੍ਹਾਂ ਸੁਧਾਰ ਕੀਤਾ ਹੈ ।

ਇੰਦਰਾ ਗਾਂਧੀ ਦੇ ਰਾਜ ਦੇ ਪਹਿਲੇ 10 ਸਾਲਾਂ ਵਿਚ (1967 1977 ਤਕ) ਭਾਰਤ ਦੇ ਦੱਸ ਉੱਤਲੇ ਪੂੰਜੀਦਾਰਾਂ ਦੇ ਟੱਬਰਾਂ ਨੇ ਅਪਣਾ ਸਰਮਾਇਆ 1753 ਕ੍ਰੋੜ ਤੋਂ ਵਧਾਕੇ 3717 ਕ੍ਰੋੜ ਕਰ ਲਿਆ । ਜਦੋਂ ਕਿ ਇਸੇ ਸਮੇਂ ਵਿਚ ਵੀ ਉਹਨਾਂ ਉਦਯੋਗ-ਪਤੀਆਂ ਨੇ ਅਪਣਾ ਸਰਮਾਇਆ 2335 ਕ੍ਰੋੜ ਤੋਂ ਵਧਾਕੇ 5111 ਕ੍ਰੋੜ ਕਰ ਲਿਆ । ਟਾਟਾ ਘਰਾਣੇ ਨੇ ਆਪਣਾ ਸਰਮਾਇਆ 418 ਕ੍ਰੋੜ ਰੁਪਏ ਤੋਂ ਵਧਾਕੇ 975 ਕ੍ਰੋੜ ਕਰ ਲਿਆ । ਬਿਰਲਾ ਘਰਾਣੇ ਨੇ ਆਪਣਾ ਸਰਮਾਇਆ 418 ਕ੍ਰੋੜ ਤੋਂ ਵਧਾਕੇ 1065 ਕ੍ਰੋੜ ਕਰ ਲਿਆ ਹੈ ਅਤੇ ਮਫਤ ਲਾਲ ਨੇ 93 ਕ੍ਰੋੜ ਤੋਂ ਵਧਾਕੇ 243 ਕ੍ਰੋੜ ਕਰ ਲਿਆ ਹੈ । ਉਸ ਤੋਂ ਅਗਲੇ ਦਸ ਸਾਲਾਂ ਵਿਚ ਇਹ ਅਮਲ ਜਾਰੀ ਹੈ ।

o **ਬੰਬਈ ਵਿਚ ਜਦੋਂ ਕਾਂਗਰਸ ਦੀ ਸ਼ਤਾਬਦੀ** ਮਨਾਈ ਜਾ ਰਹੀ ਸੀ ਤਾਂ ਇਸ ਤਰ੍ਹਾਂ ਲਗਦਾ ਸੀ ਕਿ ਮਹਾਤਮਾ ਗਾਂਧੀ, ਇੰਦਰਾ ਗਾਂਧੀ ਤੇ ਰਾਜੀਵ ਗਾਂਧੀ ਦੇ ਸਿਵਾ ਹੋਰ ਕੋਈ ਵਿਯਕਤੀ ਨਹੀਂ ਸੀ ਜਿਸਨੇ ਭਾਰਤ ਦੀ ਆਜ਼ਾਦੀ ਵਿਚ ਹਿੱਸਾ ਪਾਇਆ ਹੋਵੇ । ਝੋਲੀ ਚੁੱਕੀ ਦੀ ਇਸ ਲਹਿਰ ਵਿਚ ਇਤਿਹਾਸ ਦਾ ਜਿਸ ਤਰ੍ਹਾਂ ਵਿਗਾੜ ਕੀਤਾ ਗਿਆ ਹੈ, ਬੰਬਈ ਦਾ ਕਾਂਗਰਸ ਸ਼ਤਾਬਦੀ ਸਮਾਗਮ ਇਸਦੀ ਇਕ ਭੱਦੀ ਮਿਸਾਲ ਸੀ । ਹੇਠ ਅਸੀਂ ਦੇਸ਼ ਭਗਤੀ ਦਾ ਇਕ ਕੈਲੰਡਰ ਪੇਸ਼ ਕਰ ਰਹੇ ਹਾਂ, ਜਿਹੜਾ ਬੰਬਈ ਤੋਂ ਨਿਕਲਦੇ ਇਕ ਪਰਚੇ ਕਲਮ ਤੋਂ ਲਿਆ ਗਿਆ ਹੈ । ਇਸ ਕੈਲੰਡਰ ਵਿਚ ਭਾਵੇਂ ਬਹੁਤੀਆਂ ਘਟਨਾਵਾਂ ਮਹਾਰਾਸ਼ਟਰ ਨਾਲ ਜੁੜਦੀਆਂ ਹੀ ਦਿਤੀਆਂ ਗਈਆਂ ਹਨ ਪਰ ਹੋਰ ਵੀ ਸੂਬਿਆਂ ਦੀਆਂ ਜੇ ਸਾਰੀਆਂ ਘਟਨਾਵਾਂ ਲਈਆਂ ਜਾਣ ਤਾਂ ਇਕ ਐਸਾ ਕੈਲੰਡਰ ਜ਼ਰੂਰ ਬਣਾਇਆ ਜਾ ਸਕਦਾ ਹੈ ਜਿਹੜਾ ਸਹੀ ਸ਼ਬਦਾਂ ਵਿਚ ਦੇਸ਼ ਭਗਤੀ ਦਾ ਕੈਲੰਡਰ ਹੋਵੇਗਾ । ਕਾਂਗਰਸ ਸ਼ਤਾਬਦੀ ਦੀ ਲੱਗੀ ਨੁਮਾਇਸ਼ ਵਿਚ ਨੇਤਾ ਜੀ ਸੁਭਾਸ਼ ਚੰਦਰ ਬੋਸ ਦਾ ਨਾਂ ਵੀ ਆਜ਼ਾਦੀ ਲਈ ਲੜਣ ਵਾਲੇ ਘੁਲਾਟੀਆਂ ਵਿਚ ਸ਼ਾਮਿਲ ਨਹੀਂ ਸੀ,

**ਦੇਸ਼ ਭਗਤੀ ਦਾ ਆਪਣਾ ਵਖਰਾ ਕੈਲੰਡਰ, ਜਿਸਦੇ ਵਿਚ ਉਹ ਘਟਨਾਵਾਂ ਦਾ ਜ਼ਿਕਰ ਹੈ ਜਾਂ ਉਹਨਾਂ ਨਾਇਕਾਂ ਦਾ ਜ਼ਿਕਰ ਹੈ ਜਿਹੜੇ ਕਾਂਗਰਸ ਦੀ ਸ਼ਤਾਬਦੀ ਸਮਾਰੋਹ ਵਿਚ ਸ਼ਾਮਿਲ ਨਹੀਂ ਕੀਤੇ ਗਏ :**

o 1897—ਛਪੇਕਰ ਭਰਾਵਾਂ ਨੂੰ ਫਾਂਸੀ ਦਿੱਤੀ ਗਈ । ਮਰਾਠਾ ਦੇ ਇਹਨਾਂ ਨੌਜਵਾਨਾਂ ਤੇ ਇਲਜ਼ਾਮ ਸੀ ਕਿ ਉਹਨਾਂ ਦੋ ਅੰਗਰੇਜ਼ ਅਫਸਰਾਂ ਨੂੰ ਗੋਲੀ ਮਾਰੀ ਹੈ, ਜੋ ਸ਼ਰਾਬ ਦੇ ਨਸ਼ੇ ਵਿਚ ਬਾਜ਼ਾਰ ਵਿਚ ਖਰੂਦ ਕਰ ਰਹੇ ਸਨ ।

o 1909—ਜੈਕਸਨ ਜਿਸਨੇ ਵੀਰ ਸਵਾਰਕਰ ਨੂੰ ਕਾਲੇ ਪਾਣੀ ਦੀ ਸਜ਼ਾ ਦਿਤੀ ਸੀ, **ਨਾਸਿਕ** ਵਿਚ ਕਤਲ ਕਰ ਦਿਤਾ ਗਿਆ । **ਕਨਹਾਰੇ** ਨੂੰ ਮੌਤ ਦੀ ਸਜ਼ਾ ਦਿਤੀ ਗਈ ਅਤੇ 27 ਹੋਰਨਾਂ ਨੂੰ **ਨਾਸਿਕ ਸਾਜ਼ਿਸ਼** ਕੇਸ ਵਿਚ ਲੰਮੀਆਂ ਕੈਦਾਂ ਦੀ ਸਜ਼ਾ ਦਿਤੀ ਗਈ । ਇਸੇ ਸਾਲ **ਮਦਨ ਲਾਲ ਢੀਂਗਰਾ** ਨੇ ਕਰਜ਼ਨ ਵਾਇਲੇ ਨੂੰ ਵਲੈਤ ਵਿਚ ਗੋਲੀ ਮਾਰੀ । ਇੰਡੀਆ ਆਫਿਸ ਦਾ ਇਹ ਅਫਸਰ ਹਿੰਦੋਸਤਾਨੀਆਂ ਵਿਰੁਧ ਨਫਰਤ ਅਤੇ ਘਟੀਆ ਪ੍ਰਚਾਰ ਦਾ ਜ਼ਿੰਮੇਵਾਰ ਸੀ । ਮਦਨ ਲਾਲ ਢੀਂਗਰਾ ਨੇ ਫ਼ਾਂਸੀ ਦਾ ਰੱਸਾ ਚੁੰਮਿਆ ।

o 1914 ਗ਼ਦਰ ਪਾਰਟੀ ਦਾ ਅਗਾਜ਼, ਮੁਕੰਮੱਲ ਆਜ਼ਾਦੀ ਦਾ ਝੰਡਾ ਚੁਕਣ ਵਾਲੇ ਇਹਨਾਂ ਸੂਰਮਿਆਂ ਨੇ ਅਮਰੀਕਾ ਤੋਂ ਆਕੇ ਹਿੰਦ ਵਿਚ ਆਪਣੀਆਂ ਕਾਰਵਾਈਆਂ ਕੀਤੀਆਂ । ਕਰਤਾਰ ਸਿੰਘ ਸਰਾਭਾ ਨੂੰ ਫਾਂਸੀ ਹੋਈ ਤੇ

ਗਦਰੀ ਬਾਬਿਆਂ ਨੇ ਕਾਲੇ ਪਾਣੀਆ ਵਿਚ ਪਿੰਜਰਾ ਬੰਦ ਵਰਗੀਆਂ ਕੈਦਾਂ ਭੁਗਤੀਆਂ ।

o 1921 **ਮੋਪਿਆਂ ਦੀ ਬਗ਼ਾਵਤ** ਜਿਹੜੀ ਇਕ ਹਥਿਆਰ ਬੰਦ ਬਗ਼ਾਵਤ ਸੀ । ਰੇਲ ਲਾਈਨਾ ਉਖਾੜ ਦਿਤੀਆਂ ਗਈਆਂ, ਤਾਰ ਘਰ, ਡਾਕ ਘਰ ਸਾੜ ਦਿਤੇ ਗਏ । ਪੁਲਸ ਸਟੇਸ਼ਨਾਂ ਤੇ ਹਮਲੇ ਹੋਏ । ਅੰਗਰੇਜ਼ ਹਕੂਮਤ ਨੇ ਜੰਗੀ ਪੱਧਰ ਤੇ ਇਸ ਬਗ਼ਾਵਤ ਨੂੰ ਦਬਾਇਆ 2337 ਬਾਗ਼ੀ ਮਰੇ, 1652 ਜ਼ਖਮੀ ਹੋਏ । 45,404 ਬਾਗ਼ੀਆਂ ਨੇ ਬਾਅਦ ਵਿਚ ਹਥਿਆਰ ਸੁੱਟੇ ।

**ਮੁਹਮਦ ਅਲੀ ਅਤੇ ਸੌਕਤ ਅਲੀ** ਨੇ **ਖਿਲਾਫਤ ਲਹਿਰ** ਦੀ ਅਗਵਾਈ ਕੀਤੀ । ਮੁਸਲਮਾਨ ਵਡੀ ਗਿਣਤੀ ਵਿਚ ਆਜ਼ਾਦੀ ਦੀ ਲਹਿਰ ਵਿਚ ਖਿਚੇ ਗਏ । ਅਲੀ ਭਰਾਵਾਂ ਅਤੇ ਸੈਂਕੜੇ ਖਿਲਾਫਤ ਦੇ ਵਾਲੰ-ਟੀਅਰਾਂ ਨੇ ਸਜ਼ਾਵਾਂ ਭੁਗਤੀਆਂ ।

o 1924 **ਅਲੂਰੀ ਸੀਤਾਰਾਮਾਰਾਜੂ** ਨੇ **ਕੋਇਆ** ਆਦੀਵਾਸੀਆਂ ਦੀ ਬਗ਼ਾਵਤ ਦੀ ਅਗਵਾਈ ਕੀਤੀ ਅਤੇ ਅੰਗਰੇਜ਼ਾਂ ਦੇ ਵਿਰੁਧ ਇਕ ਲੰਮੀ ਲੜਾਈ ਲੜੀ, ਮੇਜਰ ਗੁਡਾਲ ਦੇ ਹੁਕਮ ਅਨੁਸਾਰ ਉਹਨੂੰ ਪਕੜਣ ਤੋਂ ਬਾਅਦ ਬੰਨਕੇ ਗੋਲੀ ਮਾਰੀ ਗਈ । ਆਂਧਰਾਂ ਵਿਚ ਇਹ ਪਹਿਲਾ ਸਿਆਸੀ ਮੁਕਾਬਲਾ ਸੀ ।

**ਜਤਿਨ ਦਾਸ** ਨੇ 64 ਦਿਨਾਂ ਦੀ ਲੰਮੀ ਭੁੱਖ ਹੜਤਾਲ ਦੇ ਬਾਅਦ ਮੌਤ ਨੂੰ ਗਲਵਕੜੀ ਪਾਈ, ਇਹ ਭੁੱਖ ਹੜਤਾਲ ਜੇਲ ਵਿਚ ਸਿਆਸੀ ਕੈਦੀਆਂ ਲਈ ਵੱਧ ਸਹੂਲਤਾਂ ਹਾਸਿਲ ਕਰਨ ਲਈ ਸੀ ।

o 1930 **ਚਿਟਾਗਾਂਗ ਦੀ ਆਰਮਰੀ ਉਤੇ ਹਮਲਾ ਮਾਸਟਰ ਦਾ ਸੂਰਜਾ ਸੇਨ** ਨੇ ਇਹਦੀ ਅਗ-ਵਾਈ ਕੀਤੀ ਅਤੇ ਪਕੜੇ ਜਾਣ ਤੋਂ ਬਾਅਦ ਸਖਤ ਕਿਸਮ ਦੇ ਪੁਲਸ ਜਬਰ ਨੂੰ ਝਲਿਆ ।

o 23 ਮਾਰਚ 1931—**ਭਗਤ ਸਿੰਘ, ਰਾਜਗੁਰੂ, ਸੁਖਦੇਵ** ਨੂੰ ਫਾਂਸੀਆਂ ਹੋਈਆਂ । ਨੌਜਵਾਨ ਭਾਰਤ ਸਭਾ ਨੇ ਆਜ਼ਾਦੀ ਦੀ ਲੜਾਈ ਨੂੰ ਇਕ ਨਵੀਂ ਦਿਸ਼ਾ ਪ੍ਰਦਾਨ ਕੀਤੀ ।

o 1930 **ਸ਼ੋਲਾਪੁਰ** ਦੇ ਸਨਅਤੀ ਵਰਕਰਾਂ ਦੀ ਅਗਵਾਈ ਵਿਚ ਅੰਗਰੇਜ਼ ਹਕੂਮਤ ਦੇ ਖਿਲਾਫ਼ ਇਕ ਆਮ ਬਗ਼ਾਵਤ ਹੋਈ । ਸ਼ਹਿਰ ਦੇ ਲੋਕਾਂ ਨੇ ਸ਼ਹਿਰ ਵਿਚ ਇਕ ਹਫਤੇ ਆਪਣੀ ਹਕੂਮਤ ਕਾਇਮ ਕੀਤੀ ਰਖੀ ਜਦੋਂ ਮਾਰਸ਼ਲ ਲਾਅ ਲਗਾ । ਇਸ ਬਗ਼ਾਵਤ ਵਿਚ 100 ਤੋਂ ਵੱਧ ਸੂਰਬੀਰਾਂ ਨੇ ਸ਼ਹਾਦਤ ਪਾਈ । 420 ਜ਼ਖਮੀ ਹੋਏ ਅਤੇ 90,000 ਲੋਕਾਂ ਨੂੰ ਵੱਖ ਵੱਖ ਸਮੇਂ ਦੀ ਕੈਦ ਭੁਗਤਣੀ ਪਈ ।

o 1942—1946—**ਪਤੜੀ ਸਰਕਾਰ, ਕਾਕਾ ਪਾਟਿਲ** ਦੀ ਅਗਵਾਈ ਵਿਚ ਬਣਾਈ ਗਈ । ਗੁਰੀਲਾ ਸੁਕੈਡ ਬਣਾਏ ਗਏ । ਵਡੇ ਜ਼ਿਮੀਦਾਰਾਂ ਕੋਲੋਂ ਜ਼ਮੀਨ ਖੋਹੀ ਗਈ । ਅੰਗਰੇਜ਼ ਸਰਕਾਰ ਇਸ ਲਹਿਰ ਦੇ ਵਿਰੁਧ ਕੁਝ ਨਾ ਕਰ ਸਕੀ । ਇਹ ਲਹਿਰ 1947 ਤਕ ਕਾਇਮ ਰਹੀ । ਬਾਅਦ ਵਿਚ ਸਬੰਧਤ ਲੋਕਾਂ ਨੇ ਇਹ ਲਹਿਰ ਆਪ ਵਾਪਸ ਲਈ ।

o 1946 **ਜਹਾਜ਼ੀਆਂ ਦੀ ਬਗ਼ਾਵਤ** ਬੰਬਈ, ਮਦਰਾਸ ਅਤੇ ਕਰਾਚੀ ਵਿਚ ਹੋਈ । ਬੰਬਈ ਦੀ ਮਜ਼ਦੂਰ ਜਮਾਤ ਨੇ ਜਹਾਜ਼ੀਆਂ ਦੀ ਹਿਮੈਤ ਵਿਚ ਪੂਰੀ ਸਰਗਰਮੀ ਨਾਲ ਹਿੱਸਾ ਪਾਇਆ । ਅੰਗਰੇਜ਼ ਸਰਕਾਰ ਨੇ ਬੇਰਹਿਮੀ ਨਾਲ ਇਸ ਬਗ਼ਾਵਤ ਵਿਰੁਧ ਤਾਕਤ ਦਾ ਇਸਤਮਾਲ ਕੀਤਾ । ਤਿੰਨ ਦਿਨਾਂ ਵਿਚ 21 ਫਰਵਰੀ ਤੋਂ 23 ਫਰਵਰੀ ਦੇ ਦਰਮਿਆਨ 250 ਲੋਕ ਮਾਰੇ ਗਏ । ਜਹਾਜ਼ੀਆਂ ਨੇ ਉਨੇ ਵੇਲੇ ਹਥਿਆਰ ਸੁੱਟੇ, ਜਦੋਂ ਉਹਨਾਂ ਨੂੰ ਕਾਂਗਰਸ ਵਲੋਂ ਕੋਈ ਸਹਾਇਤਾ ਨਾ ਮਿਲੀ । ਸਰਦਾਰ ਪਟੇਲ ਖੁਲ੍ਹੇਆਮ ਬਾਗ਼ੀ ਜਹਾਜ਼ੀਆਂ ਦੇ ਵਿਰੁਧ ਭੁਗਤੇ ।

### ਕਾਂਗਰਸ ਦੇ ਸ਼ਤਾਬਦੀ ਅਵਸਰ ਤੇ ਬੰਬਈ ਦੀਆਂ ਅਖਬਾਰਾਂ ਵਿਚ ਕੁਝ ਚਿੱਠੀਆਂ

o ਜਨਾਬਆਲੀ, ਸਾਨੂੰ ਪਤਾ ਲਗਾ ਹੈ ਕਿ ਰੇਸ ਕੋਰਸ ਮੈਦਾਨ ਵਿਚ ਕਾਂਗਰਸ ਦੇ ਮਹਿਮਾਨਾਂ ਲਈ ਇਕ ਹਫਤੇ ਦੇ ਅੰਦਰ ਅੰਦਰ 1800 ਫ਼ਲਸ਼ ਟੱਟੀਆਂ ਅਤੇ 12 ਹਜ਼ਾਰ ਨਹਾਉਣ ਵਾਲੀਆਂ ਟੂਟੀਆਂ ਲਗਾਈਆਂ ਗਈਆਂ ਹਨ । ਸਾਡੀ ਸਾਰੀ ਚਾਲ ਵਿਚ ਦੋ ਹੀ ਟੂਟੀਆਂ ਹਨ, ਜਿਹੜੀਆਂ 6 ਮਹੀਨੇ ਤੋਂ ਖਰਾਬ ਹਨ, ਜੋ ਫੁਰਤੀ ਕਾਂਗਰਸ ਸਮਾਗਮ ਵਿਚ ਅਧਿਕਾਰੀਆਂ ਵਲੋਂ ਵਿਖਾਈ ਗਈ ਹੈ, ਉਹਦਾ ਸੌਵਾਂ ਹਿੱਸਾ ਵੀ ਸਾਡੇ ਗਰੀਬਾਂ ਲਈ ਵਿਖਾਇਆ ਜਾਏ ਤਾਂ ਸਾਡੀਆਂ ਬਹੁਤ ਸਾਰੀਆਂ ਮੁਸੀਬਤਾਂ ਖਤਮ ਕੀਤੀਆਂ ਜਾ ਸਕਦੀਆਂ ਹਨ । ਪਰ ਨਹੀਂ, ਅਸੀਂ ਭੁਲ ਜਾਨੇ ਹਾਂ ਕਿ ਅਸੀਂ ਤਾਂ ਆਜ਼ਾਦ ਭਾਰਤ ਦੇ ਸਾਧਾਰਨ ਸ਼ਹਿਰੀ ਹਾਂ, ਕਾਂਗਰਸੀ ਦੇਸ਼ ਭਗਤ ਨਹੀਂ ਹਾਂ/ਆਈ. ਐਮ. ਚਿੰਤੀ

o ਨਾਗਪੁਰ ਵਿਚ ਜਦੋਂ ਕਾਂਗਰਸੀ ਵਿਦਿਆਰ-ਥੀਆਂ ਦਾ ਸਮਾਗਮ ਹੋਇਆ ਤਾਂ ਉਹ ਗੁੰਡਿਆਂ ਦਾ ਸਮਾਗਮ ਹੋ ਨਿਬੜਿਆ ਸੀ । ਨਾਗਪੁਰ ਵਿਚ ਸੜਕਾਂ ਤੇ ਜਾਂਦੀਆਂ ਕੁੜੀਆਂ ਨਾਲ ਖੁਲ੍ਹੇ ਆਮ ਦੁਰਵਿਹਾਰ ਕੀਤਾ ਗਿਆ । ਇਥੋਂ ਤਕ ਕਿ ਉਥੋਂ ਦੀਆਂ ਵੇਸਵਾਵਾਂ ਨੂੰ ਰੋਸ ਦੇ ਤੌਰ ਤੇ ਹੜਤਾਲ ਕਰਨੀ ਪਈ । ਮਾਸਕੋ ਦੇ ਯੂਥ ਮੇਲੇ ਵਿਚ ਵੀ ਇਹਨਾਂ ਕਾਂਗਰਸੀ ਛੋਕਰਿਆਂ ਨੇ ਗੁੰਡਾਗਰਦੀ ਦੇ ਨਮੂਨੇ ਦੇ ਕੇ ਭਾਰਤ ਦੇ ਨਾਂਅ ਨੂੰ ਉੱਚਾ ਕੀਤਾ ਸੀ । ਹੁਣ ਇਹ ਸਾਰੇ ਬੰਬਈ ਆ ਰਹੇ ਹਨ । ਸਾਨੂੰ ਬੰਬਈ ਦੀਆਂ ਔਰਤਾਂ ਨੂੰ ਪਹਿਲੇ

ਹੀ ਖਬਰਦਾਰ ਹੋਣਾ ਚਾਹੀਦਾ ਹੈ ਅਤੇ ਇਹਨਾਂ ਗੁੰਡਿਆਂ ਨਾਲ ਉਹੀ ਸਲੂਕ ਕਰਨਾ ਚਾਹੀਦਾ ਹੈ, ਜੋ ਮਹਾਂਰਾਸ਼ਟਰ ਦੇ ਇਕ ਕਾਂਗਰਸੀ ਐਮ. ਐਲ. ਏ. ਨਾਲ ਦਿੱਲੀ ਵਿਚ ਹੋਇਆ ਹੈ। ਉਹਦੀ ਬਦਮਾਸ਼ੀ ਦੇ ਕਾਰਨ ਭੀੜ ਨੇ ਵੱਟੇ ਮਾਰ ਮਾਰ ਕੇ ਉਸ ਨੂੰ ਥਾਂ ਤੇ ਮਾਰ ਦਿਤਾ ਸੀ। ਇਸ ਆਯਾਸ਼ ਟੋਲੇ ਨਾਲ ਸਾਨੂੰ ਸਖਤੀ ਨਾਲ ਨਿਬੜਨਾ ਚਾਹੀਦਾ ਹੈ/ਸੀਤਾ ਸੋਨੀ

o ਪਤਾ ਲਗਾ ਹੈ ਕਿ ਮਹਾਲਕਸ਼ਮੀ ਰੇਸ ਕੋਰਸ ਮੈਦਾਨ ਲਈ ਸਪੈਸ਼ਲ ਗਡੀਆਂ ਸਵੇਰੇ 6 ਵਜੇ ਚਲਣੀਆਂ ਸ਼ੁਰੂ ਹੋ ਜਾਣਗੀਆਂ। ਸਾਨੂੰ ਉਮੀਦ ਹੈ ਕਿ ਇਹ ਗਡੀਆਂ ਬਿਲਕੁਲ ਖਾਲੀ ਹੀ ਹੋਣਗੀਆਂ ਕਿਉਂਕਿ ਆਉਣ ਵਾਲੇ ਕਾਂਗਰਸੀ ਭੱਦਰ ਪੁਰਸ਼ ਰਾਤਾਂ ਦੀ ਅਯਾਸ਼ੀ ਤੋਂ ਬਾਅਦ ਤੜਕੇ ਸਵੇਰੇ ਕਦੀ ਵੀ ਨਹੀਂ ਜਾਗ ਸਕਣਗੇ। ਬੰਬਈ ਰੇਲ ਵਾਲਿਆਂ ਨੂੰ ਇਸ ਘਾਟੇ ਵਾਲਾ ਕੰਮ ਨਹੀਂ ਕਰਨਾ ਚਾਹੀਦਾ/ਇਕ ਸ਼ਹਿਰੀ

ਨੋਟ : ਇਹ ਚਿੱਠੀਆਂ ਦਸਦੀਆਂ ਹਨ ਕਿ ਸਾਡੇ ਹਾਕਮਾਂ ਦੀ ਆਮ ਲੋਕਾਂ ਦੀਆਂ ਨਜ਼ਰਾਂ ਵਿਚ ਕਿੰਨੀ ਇਜ਼ਤ ਹੈ।

**ਕਾਰਸਾਂ ਪਿੰਡ ਦਾ ਹਰ ਤੀਜਾ ਬੰਦਾ ਬਿਮਾਰ ਹੈ :** ਇਹ ਪਿੰਡ ਚੰਡੀਗੜ੍ਹ ਦੇ ਨੇੜੇ ਹੈ। ਇਸ ਪਿੰਡ ਵਿਚ ਐਸ. ਡੀ. ਕਾਲਜ ਚੰਡੀਗੜ੍ਹ, ਦੇ ਵਿਦਿਆਰਥੀਆਂ ਦਾ ਇਕ ਐਨ. ਐਸ. ਐਸ. ਕੈਂਪ ਲਗਿਆ, ਵਿਦਿਆਰਥੀਆਂ ਨੇ ਡਾਕਟਰੀ ਮਾਹਿਰਾਂ ਨਾਲ ਰਲਕੇ ਇਸ ਪਿੰਡ ਦੇ ਲੋਕਾਂ ਦੀ ਸਿਹਤ ਬਾਰੇ ਇਕ ਸਰਵੇਖਣ ਕੀਤਾ। ਇਸ ਸਰਵੇਖਣ ਨੇ ਦਸਿਆ ਕਿ ਇਸ ਪਿੰਡ ਦਾ ਹਰ ਤੀਜਾ ਬੰਦਾ ਕਿਸੇ ਨਾ ਕਿਸੇ ਬਿਮਾਰੀ ਕਰਕੇ ਬਿਮਾਰ ਹੈ। ਜੋ ਗੱਲ ਕਾਰਸਾ ਪਿੰਡ ਬਾਰੇ ਪਤਾ ਲੱਗੀ ਹੈ, ਇਹ ਜੇਕਰ ਸਰਵੇਖਣ ਕੀਤਾ ਜਾਏ ਤਾਂ ਪੰਜਾਬ ਦੇ ਦੂਜੇ ਪਿੰਡਾਂ ਉਤੇ ਵੀ ਲਾਗੂ ਹੋਏਗੀ। ਸਿਹਤ ਵਿਗਿਆਨ ਦੇ ਅਸੂਲਾਂ ਦੇ ਪ੍ਰਸੰਗ ਵਿਚ ਸਾਡਾ ਪਿੰਡਾਂ ਵਿਚ ਜੀਵਨ ਦਾ ਵਰਤਾਰਾ ਬਹੁਤ ਗਲਤ ਹੈ। ਸਾਨੂੰ ਇਹ ਭਰਮ ਅਪਣੇ ਦਿਮਾਗਾਂ ਵਿਚੋਂ ਕੱਢ ਦੇਣਾ ਚਾਹੀਦਾ ਹੈ ਕਿ ਪਿੰਡਾਂ ਦਾ ਖੁਲ੍ਹੀ ਹਵਾ ਵਿਚ ਜੀਣਾ ਸ਼ਹਿਰਾਂ ਦੇ ਮੁਕਾਬਲੇ ਬੜਾ ਸਿਹਤਮੰਦ ਹੈ। ਰੂੜੀਆਂ ਦੇ ਢੇਰ, ਖੁਲ੍ਹੇ ਆਮ ਪਸ਼ੂਆਂ ਦੇ ਮਨੁੱਖੀ ਮੈਲਾ ਪਿਆ ਹੋਣਾ, ਘਰਾਂ ਵਿਚ ਟੱਟੀਆਂ ਜਾਂ ਗੁਸਲਖਾਨੇ ਨਾ ਹੋਣੇ, ਇਕੋ ਤੌਲੀਏ ਦਾ ਜਾਂ ਪਰਨੇ ਦਾ ਸਾਰੇ ਟੱਬਰ ਵਲੋਂ ਜਾਂ ਆਏ ਗਏ ਮਹਿਮਾਨਾਂ ਵਲੋਂ ਵਰਤਿਆ ਜਾਣਾ, ਖੁਰਕ ਪਏ ਕੁਤਿਆਂ ਦਾ ਖੁਲ੍ਹੇਆਮ ਪਿੰਡ ਵਿਚ ਰਹਿਣਾ, ਇਹ ਸਭ ਕੁਝ ਬਿਮਾਰੀਆਂ ਫੈਲਾਉਣ ਦੇ ਬਰਾਬਰ ਹੈ। ਸਿਹਤ ਵਿਗਿਆਨ ਕਹਿੰਦਾ ਹੈ ਕਿ ਛੂਤ ਦੀ ਬੀਮਾਰੀ ਦੇ ਜਰਮ ਪੈਰਾਂ ਰਾਹੀਂ ਸਭ ਤੋਂ ਵੱਧ ਫੈਲਦੇ ਹਨ, ਇਸ ਲਈ ਨੰਗੇ ਪੈਰੀਂ ਫਿਰਨਾ; ਬਗੈਰ ਥੱਲੇ ਵਾਲੀ ਜੁੱਤੀ ਪਾਈ ਫਿਰਨਾ, ਜਾਂ ਕੈਂਚੀ ਵਾਲੀ ਚਪਲ ਪਾਕੇ ਮਿੱਟੀ ਵਿਚ ਤੁਰੀ ਫਿਰਨਾ ਇਹ ਸਭ ਸਿਹਤ ਲਈ ਬੜੇ ਹਾਨੀਕਾਰਕ ਹਨ। ਸਾਡੇ ਪਿੰਡਾਂ ਵਿਚ ਹੁਣ ਸਰਕਾਰ ਵਲੋਂ ਕਹਿੰਦੇ ਕਹਿਲਾਉਂਦੇ ਹੈਲਥ ਸੈਂਟਰ ਜਾਂ ਡਿਸਪੈਨਸਰੀਆਂ ਵੀ ਖੁਲ੍ਹੀਆਂ ਹਨ। ਉਥੇ ਨੌਜਵਾਨ ਡਾਕਟਰ ਇੰਚਾਰਜ ਵੀ ਹਨ। ਉਹਨਾਂ ਦੀ ਸ਼ਕਾਇਤ ਹੈ ਕਿ ਉਹਨਾਂ ਲਈ ਕਰਨ ਲਈ ਕੋਈ ਕੰਮ ਨਹੀਂ ਕਿਉਂਕਿ ਇਹਨਾਂ ਸੈਂਟਰਾਂ ਜਾਂ ਡਿਸਪੈਂਸਰੀਆਂ ਵਿਚ ਕੋਈ ਦਵਾਈ ਨਹੀਂ, ਇਹਨਾਂ ਸੂਝਵਾਨ ਨੌਜਵਾਨ ਡਾਕਟਰਾਂ ਦਾ ਫਰਜ਼ ਹੈ ਕਿ ਉਹ ਸਾਰੀ ਹਾਲਤ ਦੇਖਦਿਆਂ ਹੋਇਆਂ ਹੱਥ ਤੇ ਹੱਥ ਰੱਖਕੇ ਨਾ ਬੈਠੇ ਰਹਿਣ। ਅਪਣੀ ਐਸੋਸੀਏਸ਼ਨਾਂ ਰਾਹੀਂ ਜਿਥੇ ਉਹ ਬੇਹਤਰ ਸਹੂਲਤ ਲਈ ਸੰਘਰਸ਼ ਕਰਨ, ਉਥੇ ਉਹਨਾਂ ਦਾ ਇਹ ਵੀ ਫਰਜ਼ ਬਣਦਾ ਹੈ ਕਿ ਪਿੰਡ ਦੇ ਲੋਕਾਂ ਨੂੰ ਮੁੱਢਲੇ ਸਿਹਤ ਦੇ ਵਿਗਿਆਨ ਬਾਰੇ ਜਾਣਕਾਰੀ ਦੇਣ ਤੇ ਗਲਤ ਵਰਤਾਰਿਆਂ ਨੂੰ ਤਿਆਗਣ ਦੀ ਸਲਾਹ ਦੇਣ, ਇਹ ਵੀ ਭਰਮ ਉਹਨਾਂ ਦੇ ਦਿਮਾਗਾਂ ਵਿਚੋਂ ਕਢਕ ਕਿ ਉਹਨਾਂ ਦੇ ਬਾਬੇ ਪੜਦਾਦੇ ਬੜੇ ਸਿਹਤਮੰਦ ਹੁੰਦੇ ਸਨ। ਉਹ ਸਿਹਤਮੰਦ ਕੋਈ ਨਹੀਂ ਹੁੰਦੇ ਸਨ। ਟਾਂਵਾਂ ਟਾਂਵਾਂ ਬਜ਼ੁਰਗ ਲੰਬੀ ਜ਼ਿੰਦਗੀ ਭੋਗਦਾ ਸੀ। ਸਾਂਝੇ ਘਰਾਂ ਵਿਚ ਵਿਧਵਾ ਤਾਈਆਂ, ਭੂਆਵਾਂ, ਚਾਚੀਆਂ, ਮਾਸੀਆਂ ਦੀ ਭਰਮਾਰ ਹੁੰਦੀ ਸੀ। ਉਸ ਵੇਲੇ ਇਹ ਸਭ ਕੁਝ ਭਾਗਾਂ ਦੀ ਖੇਡ ਜਾਂ ਉਪਰ ਵਾਲੇ ਦਾ ਭਾਣਾ ਮੰਨਕੇ ਸਹਿਨ ਕਰ ਲਿਆ ਜਾਂਦਾ ਸੀ। ਬੱਚੇ ਤੇ ਜ਼ਚਾ ਔਰਤਾਂ ਦੇ ਮਰਨ ਦਾ ਤਾਂ ਕੋਈ ਹਿਸਾਬ ਹੀ ਨਹੀਂ ਸੀ। ਹਰ ਇਕ ਅਗਿਆਨਤਾ ਨੂੰ ਸਿੱਸਟਮ ਦੀ ਦੇਣ ਦੇ ਕੇ ਅਖੋਂ ਪਰੋਖੀ ਕਰੀ ਜਾਣਾ ਠੀਕ ਨਹੀਂ। ਬੁਨਿਯਾਦੀ ਤਬਦੀਲੀਆਂ ਲਈ ਇਨਕਲਾਬ ਜ਼ਰੂਰੀ ਹੈ ਪਰ ਇਨਕਲਾਬ ਦੀ ਤੀਬਰ ਇੱਛਾ ਸਿਰਫ਼ ਸੂਝਵਾਨ ਲੋਕ ਹੀ ਕਰ ਸਕਦੇ ਹਨ। ਸਾਨੂੰ ਹਰ ਉਸ ਵਰਤਾਰੇ ਦਾ ਵਿਰੋਧ ਕਰਨਾ ਚਾਹੀਦਾ ਹੈ ਜੋ ਇਸ ਇੱਛਾ ਨੂੰ ਧੁੰਦਿਆਂ ਕਰਦਾ ਹੈ, ਭਾਗਾਂ ਦੀ ਖੇਡ ਜਾਂ ਭਾਣਾ ਮੰਨਣਾ ਜਿਥੇ ਉਸ ਵਿਚ ਸ਼ਾਮਿਲ ਹਨ, ਉਥੇ ਅਗਿਆਨਤਾ ਨੂੰ ਸਿੱਸਟਮ ਦੀ ਦੇਣ ਕਹਿਕੇ ਅਖੋਂ ਪਰੋਖੇ ਕਰਨਾ ਵੀ ਉਸੇ ਵਰਤਾਰੇ ਵਿਚ ਸ਼ਾਮਿਲ ਹੈ।

**o ਮਾਰਕਸੀ ਵਿਚਾਰ-ਮੰਚ ਪਟਿਆਲਾ ਵਲੋਂ ਕਢਿਆ ਗਿਆ ਪਰਚਾ ਦਿਸ਼ਾ ਸੰਜੀਦਾ ਖੱਬੇ ਪੱਖੀ ਪਤ੍ਰਕਾਰੀ ਵਿਚ ਇਕ ਸ਼ੁਭ ਵਾਧਾ ਹੈ** ਇਸ ਪਰਚੇ ਦੀ ਪ੍ਰਵੇਸ਼ਕ ਵਿਚ ਪਰਚੇ ਦੇ ਜੋ ਸੱਤ ਨਿਸ਼ਾਨੇ ਉਲੀਕੇ ਗਏ ਹਨ, ਇਹ ਇਕ ਗੰਭੀਰ ਪੱਤ੍ਰਕਾਰੀ ਦੇ ਸੂਚਕ ਹਨ। ਇਹਨਾਂ ਨਿਸ਼ਾਨਿਆਂ ਵਿਚ ਦੋ ਨੂੰ ਇਥੇ ਸਮਤਾ ਦੇ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ :

ਪਹਿਲਾ ਅੱਜ ਇਨਕਲਾਬੀ ਜਮਹੂਰੀ ਜਨਤਕ ਪੇਪਰਾਂ ਦੀ ਕਤਾਰ 'ਚ ਦਿਸ਼ਾ ਵੀ ਸ਼ਾਮਲ ਹੋ ਰਿਹਾ ਹੈ। ਦਿਸ਼ਾ, ਲੁਟੇਰੇ, ਜਾਬਰ, ਗ਼ੈਰ ਜਮਹੂਰੀ ਅਤੇ ਗਲ ਸੜ ਰਹੇ ਭਾਰਤੀ ਆਰਥਕ ਸਮਾਜਕ ਢਾਂਚੇ ਦੀ ਬੁਨਿਆਦ ਕੀ ਹੈ? ਕਿਵੇਂ ਮਿਹਨਤਕਸ਼ ਲੋਕ ਅਤੇ ਕੌਮਾਂ ਇਸਦੇ ਖਿਲਾਫ ਜੂਝ ਰਹੇ ਹਨ? ਅਤੇ ਕਿਵੇਂ ਇਸ ਸੰਘਰਸ਼ ਨੇ ਆਖਰ 'ਚ ਮਜ਼ਦੂਰ-ਜਮਾਤ ਦੀ ਅਗਵਾਈ 'ਚ ਲੋਕਾਂ ਦੀ ਸਤਾ ਸਥਾਪਤੀ ਨੂੰ ਜਨਮ ਦੇਣਾ ਹੈ? ਬਾਰੇ ਦੂਸਰੇ ਜਨਤਕ ਜਮਹੂਰੀ ਪੇਪਰਾਂ ਦੇ ਮੋਢੇ ਨਾਲ ਮੋਢਾ ਜੋੜਕੇ ਲੋਕਾਂ ਤਕ ਲੋਕ ਬੋਲੀ 'ਚ ਲੈ ਜਾਣ ਲਈ ਆਪਣਾ ਪੂਰਾ ਤਾਣ ਲਾਵੇਗਾ।......

-ਦੂਜਾ (ਪ੍ਰਵੇਸ਼ਕਾਂ ਵਿਚ ਸਤਵਾਂ) ਸਾਡੇ ਸਮਾਜ 'ਚ ਬਹੁਤ ਹੀ ਘਿਨਾਉਣੇ ਜ਼ੁਲਮ ਲੁਟੇਰੀਆਂ ਜਮਾਤਾਂ, ਉਹਨਾਂ ਦੀ-ਰਾਜ ਮਸ਼ੀਨਰੀ ਅਤੇ ਹੈਂਕੜਬਾਜ਼ ਵਿਅਕਤੀਆਂ ਵਲੋਂ ਮਿਹਨਤੀ ਲੋਕਾਂ ਤੇ ਕੀਤੇ ਜਾਂਦੇ ਹਨ ਅਤੇ ਇਸੇ ਤਰ੍ਹਾਂ ਲੁਟੇਰੀ ਜਮਾਤ ਵੱਲੋਂ ਵੱਡੀਆਂ ਵੱਡੀਆਂ ਸਾਜ਼ਸ਼ਾਂ ਲੋਕਾਂ ਦੇ ਖਿਲਾਫ ਜਾਂ ਫਿਰ ਲੁਟੇਰਿਆਂ ਵੌਂ ਦੂਸਰੇ ਧੜੇ ਦੇ ਖਿਲਾਫ ਰਚੀਆਂ ਜਾਂਦੀਆਂ ਹਨ-ਪਰ ਜਿਨ੍ਹਾਂ ਨੂੰ ਸਰਮਾਏਦਾਰ ਪ੍ਰੈਸ ਰਾਜ ਮਸ਼ੀਨਰੀ ਅਤੇ ਲੁਟੇਰੀ ਜਮਾਤ ਦੀਆਂ ਪਾਰਟੀਆਂ ਜਾਣ ਬੁਝ ਕੇ ਲੋਕਾਂ ਤੱਕ ਨਹੀਂ ਜਾਣ ਦਿੰਦੀਆਂ, ਜੋ ਲੋਕਾਂ ਤੱਕ ਜਾਂਦਾ ਵੀ ਹੈ, ਉਹ ਵੀ ਵਿਗੜੇ ਹੋਈ ਰੂਪ 'ਚ! ਦਿਸ਼ਾ ਸਮੇਂ ਸਮੇਂ ਦੇ ਤੱਥਾਂ ਸਮੇਤ ਠੀਕ ਰੀਪੋਰਟਾਂ ਪ੍ਰਕਾਸ਼ਿਤ ਕਰਿਆ ਕਰੇਗਾ।...

ਦਿਸ਼ਾ ਦੇ ਇਸ ਪਹਿਲੇ ਅੰਕ ਵਿਚ ਜਿਹੜੇ ਵਿਸ਼ੇ ਛੋਹੇ ਗਏ ਹਨ, ਉਹ ਹਨ : ਪੰਜਾਬ ਹਾਲਤ ਵਿਚ ਨਵਾਂ ਪੜਾਅ, ਜਮਹੂਰੀਅਤ ਪਸੰਦ ਲੋਕਾਂ ਦੇ ਨਾਂ ਖੁੱਲ੍ਹਾ ਖੱਤ (ਸ਼ਹਿਰੀ ਆਜ਼ਾਦੀਆਂ ਦੇ ਪ੍ਰਸੰਗ ਵਿਚ) ਪ੍ਰਮਾਣੂ ਹਥਿਆਰ ਭਾਰਤ ਅਤੇ ਪਾਕਿਸਤਾਨ, ਪੰਜਾਬ ਦੇ ਸਨਅਤੀ ਵਿਕਾਸ ਦੀਆਂ ਸਮੱਸਿਆਵਾਂ ਅਤੇ ਸੰਭਾਵਨਾਵਾਂ—ਰਾਜੀਵ ਸਰਕਾਰ ਵਲੋਂ ਇਸ਼ਤਿਹਾਰਬਾਜ਼ੀ ਅਤੇ ਸੰਪਾਦਕੀ—ਪੰਜਾਬ ਸਮਝੌਤਾ : ਕੇਂਦਰ, ਅਕਾਲੀ, ਅੱਤਵਾਦੀ ਤੇ ਲੋਕ ਪੱਖੀ ਦ੍ਰਿਸ਼ਟੀਕੋਣ । ਇਹਨਾਂ ਵਿਚੋਂ ਮੈਂ ਇੱਕ ਲੇਖ ਪੰਜਾਬ ਦੇ ਸਨਅੱਤੀ ਵਿਕਾਸ ਦੀਆਂ ਸਮੱਸਿਆਵਾਂ ਅਤੇ ਸੰਭਾਵਨਾਵਾਂ ਜੋ ਕਿ ਡਾਕਟਰ ਨਿਰਮਲ ਸਿੰਘ ਆਜ਼ਾਦ ਦਾ ਲਿਖਿਆ ਹੋਇਆ ਹੈ, ਬਾਰੇ ਜ਼ਰੂਰ ਟਿੱਪਣੀ ਕਰਨਾ ਚਾਹਵਾਂਗਾ। ਇਸ ਲੇਖ ਵਿਚ ਅੰਕੜੇ ਦੇ ਕੇ ਪੰਜਾਬ ਦੇ ਸਨਅਤੀ ਵਿਕਾਸ ਦੇ ਮਸਲੇ ਨੂੰ ਬੜੀ ਬਾਰੀਕੀ ਨਾਲ ਲਿਆ ਗਿਆ ਹੈ ਪਰ ਲੇਖਕ ਨੇ ਜਿਸ ਨੁਕਤੇ ਉਤੇ ਜ਼ੋਰ ਦਿਤਾ ਹੈ ਕਿ **ਸਨਅਤੀ ਵਿਕਾਸ ਵਿਚ ਪੰਜਾਬ ਵਿਤਕਰੇ ਦਾ ਸ਼ਿਕਾਰ ਹੈ** ਉਹੋ ਪੂਰੀ ਤਰ੍ਹਾਂ ਸਹੀ ਨਹੀਂ, ਸਰਮਾਏਦਾਰ ਵਿਕਾਸ ਦਾ ਇਹ ਖਾਸਾ ਹੁੰਦਾ ਹੈ ਕਿ ਉਹਦਾ ਸਾਰਾ ਵਿਕਾਸ ਮੁਨਾਫੇ ਦੇ ਆਸ਼ੇ ਨਾਲ ਹੁੰਦਾ ਹੈ ਤੇ ਵੱਖ ਵੱਖ ਥਾਵਾਂ ਤੇ ਇਹਦਾ ਨਾ ਬਰਾਬਰ ਵਿਕਾਸ ਹੁੰਦਾ ਹੈ। ਪੰਜਾਬ ਜੇਕਰ ਇਸ ਵਿਕਾਸ 'ਚ ਮਹਾਰਾਸ਼ਟਰਾ ਜਾਂ ਗੁਜਰਾਤ ਨਾਲੋਂ ਪਿਛੇ ਰਹਿ ਗਿਆ ਹੈ ਤਾਂ ਇਹ 8-10 ਸੂਬਿਆਂ ਤੋਂ ਅੱਗੇ ਵੀ ਹੈ। ਕੀ ਉਹ ਸੂਬੇ ਵੀ ਵਿਤਕਰੇ ਦੇ ਸ਼ਿਕਾਰ ਹਨ? ਅਸਲੀਅਤ ਇਹ ਹੈ ਕਿ ਭਾਰਤੀ ਸਮਾਜ ਦਾ ਸਮੁੱਚਾ ਢਾਂਚਾ ਲੋਕ ਦੋਖੀ ਹੈ, ਇਸ ਦੀਆਂ ਸੀਮਾਤਾਵਾਂ ਹਨ ਜੋ ਕਦੀ ਵੀ ਸਾਧਾਰਨ ਲੋਕਾਂ ਦੇ ਹੱਕ ਵਿਚ ਨਹੀਂ ਹੋਣਗੀਆਂ। ਇਸ ਅਮਲ ਨੂੰ ਵਿਤਕਰੇ ਦਾ ਨਾਂ ਦੇ ਕੇ ਖਾਸ ਖਾਸ ਸ਼ਾਵਨਵਾਦੀ ਰੁਚੀਆਂ ਦਾ ਸ਼ਿਕਾਰ ਹੋਣਾ ਹੈ। ਭਾਰਤ ਭਰ ਵਿਚ ਹੀ ਲੋਕ ਸੰਘਰਸ਼ ਦੀ ਦਿਸ਼ਾ ਵਿਚ ਧੁੰਧਲਾਪਨ ਪੈਦਾ ਕਰਨਾ। ਤੇ ਸਾਨੂੰ ਚੇਤਨ ਹੋ ਕੇ ਇਸ ਤੋਂ ਬਚਣਾ ਚਾਹੀਦਾ ਹੈ। ਦਿਸ਼ਾ ਪਰਚੇ ਲਈ ਸੰਪਰਕ—ਗੁਰਮੀਤ ਸਿੰਘ, ਪਿੰਡ ਦਿੜ੍ਹਬਪੁਰ ਜੱਟਾਂ, ਡਾਕਖਾਨਾ ਡਕੌਂਦਾ, ਵਾਇਆ ਚਨਾਰਥਲ ਕਲਾਂ, ਜ਼ਿਲ੍ਹਾ ਪਟਿਆਲਾ—ਤੇ ਕੀਤਾ ਜਾ ਸਕਦਾ ਹੈ।

o **ਸ਼ਾਹਬਾਨੋ ਦਾ ਕੇਸ ਦੱਸਦਾ ਹੈ ਕਿ ਕਿਸ ਤਰ੍ਹਾਂ ਮਨੁੱਖ ਦੀ ਹਰ ਵਧਦੀ ਸੋਚ ਨੂੰ ਧਰਮ ਦੇ ਨਾਂ ਬਾਧਾ ਪਾਇਆ ਜਾਂਦਾ ਹੈ।** ਅੱਜ ਸੰਸਾਰ ਭਰ ਵਿਚ ਔਰਤਾਂ ਦੀ ਬਰਾਬਰੀ ਦੇ ਹੱਕ ਬਾਰੇ ਆਵਾਜ਼ ਉਠਾਈ ਜਾ ਰਹੀ ਹੈ। ਇਸ ਆਵਾਜ਼ ਨੂੰ ਬੰਦ ਕਰਨ ਲਈ ਜੋ ਸਭ ਤੋਂ ਖਤਰਨਾਕ ਹਥਿਆਰ ਵਰਤਿਆ ਜਾਂਦਾ ਹੈ ਤਾਂ ਉਹ ਧਾਰਮਕ ਕਿਤਾਬਾਂ ਵਿਚੋਂ ਕੱਢੀਆਂ ਗਈਆਂ ਟੂਕਾਂ ਹਨ। ਇਹ ਧਾਰਮਕ ਕਿਤਾਬਾਂ ਪੁਰਾਣੇ ਵਕਤਾਂ ਵਿਚ ਲਿਖੀਆਂ ਗਈਆਂ ਹਨ ਜਦੋਂ ਔਰਤ ਨੂੰ ਪੂਰੀ ਤਰ੍ਹਾਂ ਮਰਦ ਦੇ ਅਧੀਨ ਸਮਝਿਆ ਜਾਂਦਾ ਸੀ। ਔਰਤਾਂ ਦੇ ਹੱਕਾਂ ਬਾਰੇ ਇਹ ਸਾਰੀਆਂ ਕਿਤਾਬਾਂ ਬੜੀਆਂ ਹੀ ਪਿਛਾਖੜ ਫ਼ਲਸਫੇ ਦੀਆਂ ਧਾਰਨੀ ਹਨ। ਹਿੰਦੂ ਰਹੁਰੀਤੀਆਂ (ਸੀਤਾ ਸਾਵਿਤ੍ਰੀ ਹੋਣਾ, ਕਰਵਾ ਚੌਥ ਦੇ ਵਰਤ, ਪਤੀਬ੍ਰਤਾ ਆਦਿਕ); ਇਸਲਾਮ ਦੀ ਸ਼ਰੀਅਤ, ਇਸਾਈ ਧਰਮ ਵਿਚ ਕੁੜੀਆਂ ਦੇ ਕੰਵਾਰਪਨ ਨੂੰ ਰੱਬ ਨਾਲ ਇਕ ਹੋਣ ਦੀ ਸ਼ਰਤ, ਸਿੱਖ ਧਰਮ ਦੇ ਵਿਆਖਿਆਕਾਰਾਂ ਵਲੋਂ ਵੀ ਅਕਸਰ ਔਰਤ ਨੂੰ ਮਰਦ ਦੇ ਅਧੀਨ ਦਸਣਾ (ਤੇਰੇ ਲੜ ਲਗੀ ਹਾਂ, ਹੁਣ ਬਾਕੀ ਸਾਰੇ ਸੰਬਧ ਛਡੇ ਆਦਿਕ), ਇਸ ਸਭ ਕੁਝ ਸਾਬਤ ਕਰਦਾ ਹੈ ਕਿ ਔਰਤਾਂ ਦੀ ਆਜ਼ਾਦੀ ਲਈ ਲੜਣ ਵਾਲੀਆਂ ਸੰਸਥਾਵਾਂ ਨੂੰ ਧਰਮਾਂ ਦੇ ਨਾਂ ਤੇ ਪ੍ਰਚਾਰੀ ਜਾ ਰਹੀ ਸਮਾਜਕ ਫ਼ਿਲਾਸਫੀ ਨੂੰ ਜ਼ਰੂਰ ਚੈਲਿੰਜ ਕਰਨਾ ਪਵੇਗਾ।

o 1985 ਦਾ **ਚੋਣਵਾਂ ਸਾਹਿਤ** ਇਹ ਪਲਸ ਮੰਚ ਪ੍ਰਕਾਸ਼ਨ ਦੀ ਭੇਂਟ ਹੈ। ਇਸ ਵਿਚ 10/- ਰੁ: ਦੀ ਕੀਮਤ ਵਿਚ 1985 ਦੀਆਂ ਚੋਣਵੀਆਂ ਰਚਨਾਵਾਂ ਇਕ ਵਡੀ ਸਾਈਜ਼ ਦੀ 180 ਸਫ਼ਿਆਂ ਦੀ ਕਿਤਾਬ ਵਿਚ

ਸਾਂਭੀਆਂ ਗਈਆਂ ਹਨ । ਇਹ ਕਿਤਾਬ ਸੰਘਰਸ਼ਸ਼ੀਲ ਲੋਕਾਂ ਨੂੰ ਸਮਰਪਿਤ ਹੈ । ਇਸ ਵਿਚ ਸ਼ਾਮਿਲ ਇਕ ਨਾਵਲਿਟ, ਛੇ ਕਹਾਣੀਆਂ, ਪੈਂਤੀ ਦੇ ਕਰੀਬ ਚੋਣਵੀਆਂ ਕਵਿਤਾਵਾਂ ਅਤੇ ਇਕ ਨਾਟਕ ਹੈ । ਨਾਵਲਿਟ ਸੁਖਵੰਤ ਕੌਰ ਮਾਨ ਦਾ ਹੈ, ਜਿਸ ਵਿਚ ਇਕ ਦਰਮਿਆਨੇ ਕਿਸਾਨ ਦੇ ਘਰ ਨੂੰ ਆਧਾਰ ਬਣਾਕੇ ਅਜ ਦੇ ਪੰਜਾਬ ਵਿਚ ਕਿਸਾਨਾਂ ਨੂੰ ਦਰਪੇਸ਼ ਮਸਲਿਆ ਦਾ ਬੜੀ ਡੂੰਘਿਆਈ ਨਾਲ ਚਿਤਰਨ ਕੀਤਾ ਗਿਆ ਹੈ । ਨਾਵਲਿਟ ਦਾ ਨਾਂ ਖੱਭਾ ਆਪਣੇ ਆਪ ਵਿਚ ਇਸ ਮਹਾਨ ਸਾਹਿਤਕ ਕ੍ਰਿਤ ਦਾ ਪ੍ਰਤੀਕ ਹੈ । ਕਹਾਣੀਆਂ ਵਿਚ ਰਘਬੀਰ ਢੰਡ, ਅਜੀਤ ਕੌਰ, ਜਸਬੀਰ ਭੁੱਲਰ, ਜਸਬੀਰ ਮੰਡ, ਦਲਬੀਰ ਚੇਤਨ, ਪ੍ਰੇਮ ਗੋਰਖੀ ਦੇ ਨਾਂ ਸ਼ਾਮਿਲ ਹਨ । ਹਰ ਇਕ ਕਹਾਣੀ ਅੱਜ ਦੇ ਸਮਾਜ ਵਿਚ ਨਿਘਰ ਰਹੀਆਂ ਕਦਰਾਂ ਕੀਮਤਾਂ ਨੂੰ ਕਲਾਤਮਿਕ ਢੰਗ ਨਾਲ ਬਿਆਨ ਕਰਦੀ ਹੈ ! ਕਵਿਤਾ ਭਾਗ ਵਿਚ ਪੰਜਾਬੀ ਸਾਹਿਤ ਦੀ ਨਰੋਈ ਸ਼ਾਇਰੀ ਪੂਰੀ ਤਰ੍ਹਾਂ ਸਾਂਭੀ ਗਈ ਹੈ ।

ਇਸ ਵਿਚ ਪਾਸ਼, ਹਮਦਰਦਵੀਰ, ਹੁੰਦਲ, ਮੇਜਰ ਪਿਆਰਾ ਸਿੰਘ, ਤਾਰਾ ਸਿੰਘ, ਸ਼ਿਵ ਨਾਥ, ਜੋਗਾ ਸਿੰਘ, ਸੁਰਜੀਤ ਬਰਾੜ, ਅਜਾਇਬ ਚਿਤਰਕਾਰ, ਪਰਮਿੰਦਰਜੀਤ, ਜੋਗਾ ਸਿੰਘ, ਸੁਹਿਰਦੀ, ਇਕਬਾਲ ਰਾਮੂਵਾਲੀਆ, ਹਲਵਾਰਵੀ, ਸੁਰਿੰਦਰ ਚੰਚਲ, ਉਪਾਸ਼ਕ, ਦਰਸ਼ਨ ਬੁਲੰਦਵੀ ਰਜ਼ਬੀਰ, ਲੋਕ ਨਾਥ, ਭਗਤ ਰਾਮ ਸ਼ਰਮਾ, ਸਵੱਰਨਜੀਤ ਸਵੀ, ਅਜਮੇਰ ਗਿੱਲ, ਹਰਪਾਲ ਸੰਧੂ, ਹਰਜਿੰਦਰਮੀਤ, ਅਮਰੀਕ ਡੋਗਰਾ, ਚਰਨਜੀਤ ਸਿੰਘ, ਨਿਰਮਲ ਦੱਤ, ਮਹਿਮਾ ਸਿੰਘ, ਰਮਨ, ਅਜਾਇਬ ਸਿੰਘ ਹੁੰਦਲ, ਸੱਜਣ ਗਰੇਵਾਲ, ਮਿਤ੍ਰ ਰਾਸ਼ਾ, ਅਜਮੇਰ ਰੋਡੇ, ਸੁਖਪਾਲ, ਅਮੋਲਕ ਦੇ ਨਾਂ ਸ਼ਾਮਿਲ ਹਨ । ਗੁਰਸ਼ਰਨ ਸਿੰਘ ਦਾ ਨਾਟਕ 'ਮੈਂ ਉਗਰਵਾਦੀ ਨਹੀਂ ਹਾਂ' ਇਸ ਕਿਤਾਬ ਨੂੰ ਪੂਰੀ ਤਰ੍ਹਾਂ ਸਾਹਿਤ ਦਾ ਇਕ ਪ੍ਰਤੀਨਿਧ ਕਿਰਤ ਬਣਾਂਦਾ ਹੈ । ਪ੍ਰਲਸ ਮੰਚ ਦੀ ਇਹ ਕਿਤਾਬ ਉਸ ਪ੍ਰੋਜੈਕਟ ਦੀ ਪਹਿਲੀ ਜਿਲਦ ਹੈ, ਜਿਸ ਵਿਚ ਹਰ ਸਾਲ ਉਹ ਚੋਣਵੀਆਂ ਸਾਹਿਤਕ ਕਿਰਤਾ ਇਕ ਜਿਲਦ ਵਿਚ ਸਾਂਭੀਆਂ ਜਾਣਗੀਆਂ, ਮੰਚ ਦੇ ਏਲਾਨਨਾਮਾਂ ਵਿਚ ਦਰਜ ਕਰਤਵ ਨੂੰ ਪੂਰਾ ਕਰਦੀਆਂ ਹਨ । ਐਸਾ ਸਾਹਿਤ ਜੋ ਉਹਨਾਂ ਲੋਕਾਂ ਲਈ ਪ੍ਰੇਰਨਾ ਅਤੇ ਹੌਂਸਲਾ ਪ੍ਰਵਾਨ ਕਰਦਾ ਹੈ, ਜੋ ਮਨੁੱਖ ਦੀ ਮੁਕਤੀ ਲਈ ਕਾਲੀਆਂ ਸ਼ਕਤੀਆਂ ਵਿਰੁੱਧ ਲਗਾਤਾਰ ਸੰਘਰਸ਼ ਕਰ ਰਹੇ ਹਨ ।

੦.

## ਪੁਰਾਣੇ ਸਭਿਆਚਾਰ ਨਾਲ ਹੇਜ ਕਿਉਂ ?

**ਹਰੀ ਸਿੰਘ ਢੁੱਡੀਕੇ**

ਪਟਿਆਲੇ ਵਿਚ ਸਰਕਾਰ ਵੱਲੋਂ ਉੱਤਰੀ ਭਾਰਤ ਦਾ ਇਕ ਸਭਿਆਚਾਰਕ ਕੇਂਦਰ ਸਥਾਪਿਤ ਕੀਤਾ ਗਿਆ ਹੈ । ਸਰਕਾਰੀ ਹਲਕੇ ਚਰਚਾ ਕਰ ਰਹੇ ਹਨ ਕਿ ਇਹ ਉਨ੍ਹਾਂ ਸੂਬਿਆਂ ਦਾ ਸਭਿਆਚਾਰਕ ਵਿਕਾਸ ਵੱਲ ਇਕ ਨਰੋਆ ਕਦਮ ਸਾਬਤ ਹੋਵੇਗਾ । ਵੱਖ ਵੱਖ ਇਲਾਕਿਆਂ ਦੇ ਸਭਿਆਚਾਰਾਂ ਨੂੰ ਇਹ ਸੰਭਾਲ ਕੇ ਰੱਖੇਗਾ । ਪਰ ਗੁਰਸ਼ਰਨ ਸਿੰਘ ਨੇ ਹਾਕਮ ਜਮਾਤ ਵੱਲੋਂ ਸਾਧਾਰਨ ਲੋਕਾਂ ਵਿਰੁੱਧ ਹੋਰਨਾਂ ਸਾਜ਼ਿਸ਼ਾਂ ਵਾਂਗ ਇਸ ਨੂੰ ਵੀ ਇਕ ਸਾਜ਼ਿਸ਼ ਹੀ ਕਿਹਾ ਹੈ । ਗੁਰਸ਼ਰਨ ਸਿੰਘ ਦੀ ਗੱਲ ਦੇ ਬਹੁਤ ਡੂੰਘੇ ਤੇ ਵਿਸ਼ਾਲ ਅਰਥ ਹਨ । ਉਸਨੇ ਜਗੀਰੂ ਕਦਰਾਂ ਕੀਮਤਾਂ ਵੱਲ ਸਾਡਾ ਧਿਆਨ ਦੁਆਇਆ ਹੈ ਜਿਨ੍ਹਾਂ ਦੀਆਂ ਬਦਲਦੀਆਂ ਪਰਸਥਿਤੀਆਂ ਵਿਚ ਸਾਡਾ ਸਭਿਆਚਾਰ ਵਿਕਸਤ ਹੋਇਆ । ਜਿਸਨੇ ਸਾਨੂੰ ਵਿਗਿਆਨਕ ਸੋਚ ਨਾਲੋਂ ਤੋੜ ਕੇ ਜਿਉਂਦੇ ਰਹਿਣ ਲਈ ਮਜਬੂਰ ਕੀਤਾ । ਸਾਡੀ ਸੋਚ ਨੂੰ ਖੁੰਢਾ ਕਰੀ ਰੱਖਿਆ । ਆਖਰ ਕੀ ਕਾਰਨ ਹੈ ਕਿ ਅਸੀਂ ਇਕੋ ਸਭਿਆਚਾਰ ਹੁੰਦਿਆਂ ਵੀ ਵੱਖ ਵੱਖ ਸ਼੍ਰੇਣੀਆਂ ਵਿਚ ਕਿਉਂ ਵੰਡੇ ਹੋਏ ਹਾਂ । ਇਤਿਹਾਸ ਦੇ ਵਰਕੇ ਫਰੋਲ ਕੇ ਆਉ ਜ਼ਰਾ ਇਸ ਗੱਲ ਨੂੰ ਸਮਝਣ ਦਾ ਯਤਨ ਕਰੀਏ ।

ਭਾਰਤ ਉਤੇ ਸ਼ੁਰੂ ਤੋਂ ਹੀ ਬਿਦੇਸ਼ੀ ਹਮਲੇ ਹੁੰਦੇ ਰਹੇ ਹਨ । ਆਰੀਆ ਲੋਕਾਂ ਦੇ ਆਉਣ ਤੋਂ ਪਹਿਲਾਂ ਸਿੰਧ ਘਾਟੀ ਵਿਚ ਸਿੰਧੀ ਪੁਰਾਤਨ ਸਭਿਅਤਾ ਦੇ ਚਿੰਨ੍ਹ ਮਿਲਦੇ ਹਨ । ਆਰੀਆ ਲੋਕ ਦਰਾਵੜ ਕੌਮਾਂ ਨਾਲੋਂ ਵੱਧ ਹੁਸ਼ਿਆਰ ਤੇ ਜੰਗਜੂ ਸੁਭਾਅ ਦੇ ਸਨ । ਉਹ ਆਪਣੇ ਤਿੱਖੇ ਤੇ ਤੇਜ਼ ਹਥਿਆਰਾਂ ਨਾਲ ਉਨ੍ਹਾਂ ਉਤੇ ਹਾਵੀ ਹੋ ਗਏ । ਆਰੰਭਕ ਕਾਲ ਵਿਚ ਤਾਂ ਛੋਟੇ ਛੋਟੇ ਰਾਜ ਸਨ, ਪਰ ਬਾਦ ਵਿਚ ਵੱਡੇ ਰਾਜ ਕਾਇਮ ਹੋ ਗਏ । ਪਰ ਉਨ੍ਹਾਂ ਦੇ ਸਮਾਜਿਕ ਜੀਵਨ ਵਿਚ ਬੜੀਆਂ ਖਰਾਬੀਆਂ ਸਨ । ਜਾਤੀ-ਵੰਡ ਕਰੜੀ ਹੋ ਗਈ । ਬ੍ਰਾਹਮਣ ਉਚ ਸ਼੍ਰੇਣੀ ਤੇ ਸ਼ੂਦਰ ਨੀਵੇਂ ਸਮਝੇ ਜਾਂਦੇ ਸਨ । ਅੰਨ੍ਹੀ ਧਾਰਮਿਕਤਾ ਕਾਰਨ ਲੋਕਾਂ ਦਾ ਕਰਮ-ਕਾਂਡ ਵਿਚ ਵਿਸ਼ਵਾਸ ਵਧ ਗਿਆ । ਸ਼ਿਵ ਜੀ, ਵਿਸ਼ਨੂੰ ਤੇ ਬ੍ਰਹਮਾ ਆਦਿ ਦੇਵਤਿਆਂ ਦੇ ਨਾਮ ਪੈਦਾ ਹੋ ਗਏ । ਧਾਰਮਿਕ ਰਹੁ-ਰੀਤਾਂ ਵੱਧਦੀਆਂ ਗਈਆਂ । ਸ਼ੂਦਰ ਤਾਂ ਬ੍ਰਾਹਮਣਾਂ ਦੇ ਰਹਿਮ ਉਤੇ ਸਨ । ਇਸੇ ਕਰਕੇ ਉਨ੍ਹਾਂ ਵਿਚ ਮਨੁੱਖੀ ਚੇਤੰਨਤਾ ਦੀ ਬੜੀ ਘਾਟ ਰਹੀ । ਪਰ ਇਸ ਗੱਲ ਨੇ ਰਾਜਸੀ ਏਕਤਾ ਉਤੇ ਬੜੀ ਸੱਟ ਮਾਰੀ । ਜਿਸ ਕਾਰਨ ਬਾਹਰਲੇ ਹਮਲਾਵਰ ਸੌਖਿਆਂ ਹੀ ਭਾਰਤ ਉਤੇ ਹਮਲੇ ਕਰਦੇ ਰਹੇ ਤੇ ਇਸ ਦੀ ਲੁੱਟ-ਮਾਰ ਕਰਦੇ ਰਹੇ ।

700 ਈ. ਤੋਂ 1200 ਈ. ਤੱਕ ਹੀ ਅਜੇਹਾ ਸਮਾਂ ਸੀ ਜਦੋਂ ਕਿ ਮੁਹੰਮਦ ਗੋਰੀ ਦੇ ਹਮਲਿਆਂ ਤੋਂ ਬਿਨਾਂ ਭਾਰਤ ਉਤੇ ਕੋਈ ਹੋਰ ਹਮਲਾ ਨਹੀਂ ਹੋਇਆ । ਦੇਸ਼ ਵਿਚ ਕੁਝ ਅਮਨ ਸ਼ਾਂਤੀ ਰਹੀ, ਪਰ ਇਸ ਦਾ ਨੁਕਸਾਨ ਵੀ ਹੋਇਆ । ਦੇਸ਼ ਦੀਆਂ ਸਰਹੱਦਾਂ ਵੱਲ ਕਿਸੇ ਨੇ ਬਹੁਤਾ ਧਿਆਨ ਨਾ ਦਿੱਤਾ । ਆਪਣੇ ਸੁਆਰਥਾਂ ਦੀ

ਖਾਤਰ ਆਪਸੀ ਲੜਾਈਆਂ ਹੁੰਦੀਆਂ ਰਹੀਆਂ। ਧਾਰਮਿਕ ਤੇ ਸਮਾਜਿਕ ਜੀਵਨ ਤਾਂ ਪੰਡਤਾਂ ਤੇ ਜੋਤਸ਼ੀਆਂ ਦੇ ਸਹਾਰੇ ਹੀ ਚੱਲਦਾ ਸੀ। ਲਗਪਗ ਸਾਰੇ ਗੁਆਂਢੀ ਰਾਜੇ ਆਪਸ ਵਿਚ ਲੜਦੇ ਝਗੜਦੇ ਰਹਿੰਦੇ ਸਨ। ਭਾਰਤ ਦੀ ਹਾਲਤ ਤੇ ਅਮੀਰੀ ਵੇਖ ਕੇ ਬਿਦੇਸ਼ੀਆਂ ਨੇ ਫਿਰ ਕਈ ਹਮਲੇ ਕੀਤੇ। ਮਹਿਮੂਦ ਗਜ਼ਨਵੀ ਤਾਂ ਦੇਸ਼ ਦੀ ਅਥਾਹ ਦੌਲਤ ਲੁੱਟ ਕੇ ਆਪਣੇ ਦੇਸ਼ ਲੈ ਗਿਆ। ਸੋਮਨਾਥ ਦੇ ਮੰਦਰ ਨੂੰ ਤਾਂ ਉਸ ਨੇ ਬਹੁਤ ਬੁਰੀ ਤਰ੍ਹਾਂ ਲੁੱਟਿਆ। ਮੰਦਰ ਦੀ ਲੁੱਟ-ਖਸੁੱਟ ਨੇ ਅੰਧ-ਵਿਸ਼ਵਾਸੀਆਂ ਦੀਆਂ ਫਿਰ ਵੀ ਅੱਖਾਂ ਨਾ ਖੋਲ੍ਹੀਆਂ। ਫਿਰ ਹਿੰਦੂ ਧਰਮ ਦਾ ਪਤਨ ਸ਼ੁਰੂ ਹੋਇਆ। ਧਾਰਮਿਕ ਪੱਖੋਂ ਭਗਤੀ ਲਹਿਰ ਪੈਦਾ ਹੋਈ। ਇਸ ਨੇ ਸਾਰੇ ਭਾਰਤ ਭਰ ਵਿਚ ਆਪਣਾ ਅਸਰ ਛੱਡਿਆ। ਭਗਤੀ ਲਹਿਰ ਹਿੰਦੂ-ਮੁਸਲਿਮ ਸਭਿਆਚਾਰਾਂ ਦੇ ਸੁਮੇਲ ਦਾ ਸਿੱਟਾ ਸੀ। ਗੁਰੂ ਨਾਨਕ ਦੇਵ, ਰਾਮਾਨੰਦ, ਭਗਤ ਕਬੀਰ, ਭਗਤ ਰਵਿਦਾਸ, ਦਾਦੂ ਤੇ ਮੀਰਾਂ ਬਾਈ ਨੇ ਲੋਕਾਂ ਵਿਚ ਨਵੀਂ ਜਾਗ੍ਰਿਤੀ ਲਿਆਉਣ ਦੀ ਕੋਸ਼ਿਸ਼ ਕੀਤੀ। ਬਾਬੇ ਨਾਨਕ ਨੇ ਨਾਮ ਸਿਮਰਨ ਤੇ ਸੁੱਚੀ ਕਿਰਤ ਦਾ ਪਰਚਾਰ ਕੀਤਾ। ਕਬੀਰ ਤੇ ਰਵਿਦਾਸ ਨੇ ਬ੍ਰਾਹਮਣ-ਵਾਦ ਦੇ ਖਿਲਾਫ ਜਹਾਦ ਛੇੜਿਆ। ਫਿਰ ਵੀ ਸਦੀਆਂ ਤੋਂ ਚੱਲੀ ਆ ਰਹੀ ਅੰਨ੍ਹੀ ਧਾਰਮਿਕਤਾ ਬਰਾਬਰ ਕਾਇਮ ਰਹੀ। ਭਾਰਤ ਭਰ ਵਿਚ ਸੂਦਰ ਨਿਤਾਣਿਆਂ ਵਾਂਗ ਜੀ ਰਹੇ ਸਨ। ਵਿਦਿਆ ਪੜ੍ਹਨ ਦਾ ਜਿਵੇਂ ਉਨ੍ਹਾਂ ਨੂੰ ਹੱਕ ਹੀ ਨਹੀਂ ਸੀ। ਬਾਬੇ ਨਾਨਕ ਨੇ ਜ਼ੁਲਮ ਦੇ ਖਿਲਾਫ ਸੱਚ ਆਖਣ ਦੀ ਬਹੁਤ ਵੱਡੀ ਹਿੰਮਤ ਕੀਤੀ ਸੀ। ਉਨ੍ਹਾਂ ਦੀ ਜਗਾਈ ਹੋਈ ਜੋਤ ਗੁਰੂ ਗੋਬਿੰਦ ਸਿੰਘ ਤੱਕ ਲਟ ਲਟ ਬਲ ਉਠੀ। ਉਧਰ ਮੁਗਲਾਂ ਨੇ ਵੀ ਬਾਬਰ ਤੋਂ ਲੈ ਕੇ ਔਰੰਗਜ਼ੇਬ ਤੱਕ ਜ਼ੁਲਮ ਕਰਨ ਦੀ ਕੋਈ ਵੀ ਕਸਰ ਬਾਕੀ ਨਾ ਛੱਡੀ। ਸਦੀਆਂ ਦੇ ਦੱਬੇ ਕੁਚਲੇ ਲੋਕਾਂ ਵਿਚ ਲੋਹੜੇ ਦੇ ਹੀਣ ਭਾਵ ਪੈਦਾ ਹੋ ਚੁੱਕੇ ਸਨ। ਗੁਰੂ ਗੋਬਿੰਦ ਸਿੰਘ ਨੇ ਇਨ੍ਹਾਂ ਦੀ ਮਾਨਸਿਕ ਹਾਲਤ ਨੂੰ ਇਤਿਹਾਸਕ ਪਰਸੰਗ ਵਿਚ ਰੱਖ ਕੇ ਵਾਚਿਆ। ਖਾਲਸਾ ਪੰਥ ਦੀ ਨੀਂਹ ਰੱਖੀ। ਸਾਰੇ ਭਿੰਨ ਭੇਦ ਮਿਟਾ ਕੇ ਸਭ ਵਰਗਾਂ ਦੇ ਲੋਕਾਂ ਨੂੰ ਇਕੋ ਬਾਟੇ ਵਿਚ ਅੰਮ੍ਰਿਤ ਛਕਾਇਆ। ਉਨ੍ਹਾਂ ਦੀ ਮਾਨਸਿਕਤਾ ਸਾਂਝੀ ਕੀਤੀ। ਤੇ ਉਹ ਲੋਕ ਲੜ ਮਰਨ ਲਈ ਤਿਆਰ ਹੋ ਗਏ। ਅਹਿਮਦ ਸ਼ਾਹ ਅਬਦਾਲੀ ਵਰਗਿਆਂ ਨੂੰ ਪੈ ਨਿਕਲੇ। ਲੋਕਾਂ ਵਿਚ ਕੁਝ ਕਰਨ ਦੀ ਇਕ ਭਾਵਨਾ ਪੈਦਾ ਹੋ ਗਈ। ਪਰ ਜਰਵਾਣੇ ਜ਼ੁਲਮ ਕਰਦੇ ਰਹੇ। ਮਹਾਰਾਜਾ ਰਣਜੀਤ ਸਿੰਘ ਵੇਲੇ ਛੋਟੀਆਂ ਛੋਟੀਆਂ ਰਿਆਸਤਾਂ ਹੀ ਸਨ, ਦੇਰ ਤੋਂ ਸਾਜ਼ਸ਼ਾਂ ਅਧੀਨ ਪੈਰ ਜਮਾਉਂਦਾ ਅੰਗਰੇਜ਼ ਸਾਮਰਾਜ ਇਕ ਦਿਨ ਭਾਰਤ ਭਰ ਤੇ ਕਾਬਜ ਹੋ ਗਿਆ। ਜਿਸ ਨੇ ਸਾਨੂੰ ਮੂਲੋਂ ਹੀ ਅਨਪੜ੍ਹ ਰੱਖਣ ਦੀ ਨੀਤੀ ਉਤੇ ਅਮਲ ਕੀਤਾ। ਉਦੋਂ ਕਾਲਜ ਤੇ ਯੂਨੀਵਰਸਿਟੀਆਂ ਦਾ ਕੰਮ ਕਿਸੇ ਖੋਜ ਵੱਲ ਧਿਆਨ ਦੇਣਾ ਨਹੀਂ ਸੀ ਹੁੰਦਾ। ਉਹਨਾਂ ਨੇ ਅਜਿਹੀ ਸਿਖਿਆ ਵਿਧੀ ਤਿਆਰ ਕੀਤੀ ਕਿ ਅਸੀਂ ਬੁਨਿਆਦੀ ਤੌਰ ਤੇ ਅਨਪੜ੍ਹ ਹੁੰਦੇ ਚਲੇ ਗਏ। ਸਾਡੇ ਕੋਲ ਅਜਿਹੇ ਚਿੰਤਨ ਦੀ ਘਾਟ ਸੀ ਜਿਹੜਾ ਇਹ ਦੱਸ ਸਕਦਾ ਕਿ ਸਾਡਾ ਭੈੜਾ ਹਾਲ ਕਿਉਂ ਹੈ। ਜੀਵਨ ਦੇ ਹਰ ਖੇਤਰ ਵਿਚ ਸਾਡਾ ਬੁਰਾ ਹਾਲ ਸੀ। ਪਰ ਕਦੇ ਵੀ ਜਮਾਤੀ ਘੋਲ ਪੈਦਾ ਨਾ ਹੋਇਆ, ਕਿਉਂਕਿ ਸਹੀ ਦੁਸ਼ਮਣ ਦੀ ਪਹਿਚਾਣ ਨਹੀਂ ਸੀ ਹੋ ਰਹੀ। ਦੂਜਾ ਉਸ ਰੌਸ਼ਨੀ ਦੀ ਘਾਟ ਸੀ, ਜਿਥੋਂ ਕੋਈ ਸੇਧ ਮਿਲਦੀ। ਆਪਸ ਵਿਚ ਹੀ ਲੜਨਾ, ਭਾਈਚਾਰੇ ਵਿਚ ਹੀ ਦੁਸ਼ਮਣੀ ਪੈਦਾ ਕਰ ਲੈਣੀ। ਜਾਂ ਫਿਰ ਆਪਣੀਆਂ ਮੁਸ਼ਕਲਾਂ ਦਾ ਕਾਰਣ ਕਿਸੇ ਦੈਵੀ ਸ਼ਕਤੀ ਨੂੰ ਸਮਝਣਾ। ਇਲਾਜ ਲਈ ਵੀ ਪੀਰਾਂ ਫਕੀਰਾਂ ਤੇ ਦੇਵੀ ਦੇਵਤਿਆਂ ਦੀ ਪੂਜਾ ਕਰਨਾ ਅਤੇ ਸਭਿਆਚਾਰ ਦਾ ਹਿੱਸਾ ਬਣਦੇ ਗਏ। ਗਊ ਪੂਜਾ, ਸੱਪ ਪੂਜਾ, ਮੜ੍ਹੀਆਂ ਮਸਾਣਾਂ ਦੀ ਪੂਜਾ, ਧਾਗੇ ਤਵੀਤ ਕਰਵਾਉਣਾ ਆਦਿ ਆਮ ਜਹੀ ਗੱਲ ਹੋ ਗਈ।

ਹੁਣ ਸਰਮਾਏਦਾਰੀ ਦਾ ਦੌਰ ਹੈ। ਆਰਥਿਕ ਸੰਕਟ ਦਿਨੋ ਦਿਨ ਡੂੰਘਾ ਹੋ ਰਿਹਾ ਹੈ। ਭਾਰਤ ਪਿੰਡਾਂ ਦਾ ਦੇਸ਼ ਹੈ। ਖੇਤੀ ਬਾੜੀ ਏਥੇ ਪਰਮੁੱਖ ਕਿੱਤਾ ਹੈ। ਜਿਥੇ ਹੁਣ ਸੰਦਾਂ ਦਾ ਮਸ਼ੀਨੀਕਰਣ ਹੋ ਰਿਹਾ ਹੈ, ਉਥੇ ਮਜ਼ਦੂਰ ਵੀ ਵਿਹਲਾ ਹੋ ਰਿਹਾ ਹੈ। ਵੱਡੀਆਂ ਸਨਅਤਾਂ ਵੱਲ ਹਾਲੇ ਧਿਆਨ ਘੱਟ ਹੈ। ਮਜ਼ਦੂਰ ਪਰੀਵਾਰ ਸਮੇਤ ਸਾਰਾ ਸਾਲ ਹਿੱਕ ਡਾਹਕੇ ਕੰਮ ਕਰਦਾ ਹੈ। ਕੋਈ ਪਸ਼ੂ ਆਦਿ ਪਾਲਦਾ ਹੈ। ਪਰ ਟੱਬਰ ਦਾ ਗੁਜ਼ਾਰਾ ਫਿਰ ਵੀ ਮੁਸ਼ਕਲ ਨਾਲ ਹੀ ਕਰਦਾ ਹੈ। ਨਿੱਤ ਦੀਆਂ ਘਰੇਲੂ ਲੋੜਾਂ ਹੀ ਪੂਰੀਆਂ ਨਹੀਂ ਹੁੰਦੀਆਂ। ਸ਼ੌਕ ਪੂਰਨੇ ਤਾਂ ਦੂਰ ਦੀ ਗੱਲ ਹੈ। ਸਮਾਜਿਕ ਰਹੁ-ਰੀਤਾਂ ਉਸ ਨਾਲ ਵੀ ਬੱਝੀਆਂ ਹੋਈਆਂ ਹਨ। ਵਿਆਹ-ਸ਼ਾਦੀਆਂ, ਮਰਨੇ ਪਰਨੇ ਤੇ ਹੋਰ ਧਾਰਮਿਕ ਰਸਮਾਂ ਉਸਨੂੰ ਪੀੜ ਸੁਟਦੀਆਂ ਹਨ। ਉਹ ਕਰਜ਼ੇ ਥੱਲੇ ਦਬਿਆ ਜਾਂਦਾ ਹੈ। ਇਹ ਹੀ ਨਹੀਂ ਛੋਟਾ ਦੁਕਾਨਦਾਰ ਤੰਗੀ ਵਿਚ ਦਿਨ ਕੱਢ ਰਹੇ ਹਨ। ਤੇ ਅੱਜ ਦੀ ਨੌਜਵਾਨ ਪੀੜ੍ਹੀ ਹੀਰਾਂ ਤੇ ਸੋਹਣੀਆਂ ਦੀ ਗਾਥਾ ਕਿਨਾ ਕੁ ਚਿਰ ਸੁਣਦੀ ਜਾਵੇ। ਇਹ ਸਭ ਵਿਗੜੇ ਤੇ ਭਾਵੁਕ ਹੋਏ ਮੁੰਡੇ ਕੁੜੀਆਂ ਸਨ। ਪਤਾ ਨਹੀਂ ਸੂਫੀ ਸ਼ਾਇਰਾਂ ਨੇ ਐਡੀ ਵੱਡੀ ਪੱਧਰ ਤੇ ਆਪਣੀ ਸ਼ਾਇਰੀ ਵਿਚ ਇਨ੍ਹਾਂ ਦਾ ਕਿਉਂ ਜ਼ਿਕਰ ਕੀਤਾ। ਜਦੋਂ ਕਿ ਬਹੁ-ਗਿਣਤੀ ਉਦੋਂ ਵੀ ਸੌਖੀ ਤਰ੍ਹਾਂ ਰੋਟੀ ਨਹੀਂ ਸੀ ਖਾ ਰਹੀ। ਅਜਿਹੇ ਸਭਿਆਚਾਰ ਨੂੰ ਕਿਸ ਆਸੇ ਲਈ ਸਾਂਭ 2 ਰਖੀਏ। ਉਹੀ ਉਹੀ ਖਾਣ-ਪੀਣ, ਉਹੀ ਪਹਿਰਾਵਾ, ਉਹੀ ਧਾਰਮਿਕ ਤੇ ਸਮਾਜਿਕ ਰਸਮਾਂ ਕਿਹੜੇ ਅਰਥਾਂ ਲਈ ਸਾਂਭੀਏ। ਉਹ ਪੁਰਸ਼ ਜੋ ਸਾਡੇ ਸਹੀ ਅਰਥਾਂ ਵਿਚ ਨਾਇਕ ਨਹੀਂ ਹਨ, ਕਿਸ ਲਈ ਨਾਇਕ ਮੰਨ ਲਈਏ। ਹੁਣ ਤਾਂ ਲੋੜ ਹੈ ਇਕ ਨਵੇਂ ਸਭਿਆਚਾਰ ਦੀ, ਜਿਸ ਖਾਤਰ ਜੀਵਨ ਦੇ ਹਰ ਖੇਤਰ ਵਿਚ ਗੰਭੀਰਤਾ ਨਾਲ ਕੰਮ ਕਰਨਾ ਹੋਵੇਗਾ। ਤੇ ਭੱਟ ਪਏ ਐਹੋ ਜਿਹਾ ਸੋਨਾ ਜਿਹੜਾ ਸਾਡੇ ਕੰਨ ਪਾੜਦਾ o

ਕਹਾਣੀ

# ਉਹਨੇ ਹਾਲੇ ਨਹੀਂ ਸੀ ਮਰਨਾ...

**ਜੱਸਬੀਰ ਮੰਡ**

"ਬੱਸ ਹੁਣੇ ਕੁੱਝ ਕੁ ਪਲਾਂ 'ਚ' ਗੋਲੀਆਂ ਸੀਨਾ ਪਾਰ ਕਰ ਜਾਣਗੀਆਂ...ਤੇ...ਮੈਂ...।" ਉਹਨੇ ਸਾਹਮਣੇ ਨਿਗ੍ਹਾ ਮਾਰੀ ਤਾਂ ਹੌਲਦਾਰ ਸਿਪਾਹੀ ਨੂੰ ਮੈਗਜ਼ੀਨ ਭਰਕੇ ਦੇ ਰਿਹਾ ਸੀ। ਫਿਰ ਉਹਨੇ ਆਪਣੇ ਆਪ ਵੱਲ ਵੇਖਿਆ...ਬੇਹੱਦ ਨਰੋਏ ਰੱਸੇ ਨਾਲ ਇਕ ਵੱਡੀ ਸਾਰੀ ਟਾਹਲੀ ਨਾਲ ਉਹ ਨੂੜਿਆ ਪਿਆ ਸੀ...। ਸਭ ਕੁੱਝ ਚੁੱਪ ਚਾਪ...ਹਨੇਰਾ ਅਕਾਊ...ਇਕ ਦਬਾਅ ਭਰੀ ਚੁੱਪ...। ਕਦੇ ਕਦੇ ਦੂਰ ਕੋਈ ਉੱਲੂ ਬੋਲਦਾ ਹੈ। ਅੰਗ ਅੰਗ ਦਰਦ ਕਰ ਰਿਹਾ ਹੈ...ਕਿੰਨੇ ਹੀ ਖ਼ੂਨ ਦੇ ਛਿੱਟੇ ਜਿਸਮ ਤੇ ਜੰਮ ਚੁੱਕੇ ਨੇ...ਏਦਾਂ ਜਾਪਦਾ ਜਿਵੇਂ ਸਭ ਕੁੱਝ ਦਿਖਣਾ ਸੁਣਨਾ ਅਚਾਨਕ ਬੰਦ ਹੋ ਜਾਵੇਗਾ। ਫਿਰ ਵੀ ਪਤਾ ਨਹੀਂ ਕਿਉਂ ਮਨ ਅਤੀਤ ਦੀਆਂ ਯਾਦਾਂ ਵਿੱਚ ਭਟਕੀ ਜਾ ਰਿਹਾ ਹੈ। ਉਸ ਛੋਟੇ ਜਹੇ ਪਿੰਡ ਦੇ...ਇਕ ਕੱਚੇ ਜਹੇ ਘਰ ਦੇ ਖ਼ੁਨੂਰੇ ਤੇ ਇਕ ਅੱਖ ਲਗਾਤਾਰ ਪਤਾ ਨਹੀਂ ਕੀ ਵੇਖੀ ਜਾ ਰਹੀ ਹੈ..ਚੁਪਚਾਪ...ਸਭ ਕੁੱਝ ਸਾਹਮਣੇ ਆਈ ਜਾ ਰਿਹਾ ਹੈ...ਚੁਪ ਚਾਪ...।

ਠੱਕ...ਠੱਕ...ਠੱਕ...।" ਉਹਨੇ ਸਾਹਮਣੇ ਵੇਖਿਆ ਤਾਂ ਹੁਣ ਉਹ ਤਿੰਨੇ ਜਾਣੇ ਬੈਠ ਚੁੱਕੇ ਸਨ। ਸ਼ਾਇਦ ਕਿਸੇ ਦੀ ਉਡੀਕ ਕਰ ਰਹੇ ਨੇ...। ...ਤੇ ਮਨ ਫ਼ਿਰ ਭੂਤਕਾਲ ਵਿੱਚ ਦੱਬੀਆਂ ਹੋਈਆਂ ਘਟਨਾਵਾਂ ਦੀਆਂ ਕਬਰਾਂ ਪੁੱਟਣ ਬਹਿ ਗਿਆ।

ਉਹਨੂੰ ਹੁਣ ਏਨਾਂ ਕੁ ਯਾਦ ਆ ਰਿਹਾ ਹੈ ਕਿ ਜਦੋਂ ਉਹ ਪਿੰਡ ਵਾਲੇ ਸਕੂਲ ਵਿੱਚ ਜਾਂਦਾ ਹੁੰਦਾ ਸੀ... ਉਦੋਂ ਉਹਨਾਂ ਕੋਲ ਅੱਠ ਕੀਲੇ ਸਨ। ਤੇ ਜਦੋਂ ਕਾਲਜ ਜਾਣ ਲੱਗਿਆ, ਉਦੋਂ ਛੇ ਹੀ ਰਹਿ ਗਏ ਸਨ। ਇਕ ਅਜੀਬ ਕਿਸਮ ਦਾ ਹੁੰਭ ਪੈਦਾ ਹੋ ਗਿਆ ਸੀ ਇਸ ਘਰ ਵਿੱਚ। ਜਿਵੇਂ ਸਭ ਕੁਝ ਉਹਦੀ ਕਲਪਣਾ ਤੋਂ ਬਾਹਰ ਹੋ ਰਿਹਾ ਹੋਵੇ। ਪਹਿਲੇ ਸਾਲ ਤਾਂ ਉਹ ਅੰਤਾਂ ਦਾ ਪਰੇਸ਼ਾਨ ਰਿਹਾ ਪਰ ਦੂਜੇ ਤੇ ਤੀਜੇ ਸਾਲ ਕੁੱਝ ਰਾਹਤ ਮਿਲ ਗਈ...ਕੁਝ ਜਾਣੂ ਹੋ ਗਏ ਸਨ। ਪਰ ਫਿਰ ਵੀ ਉਹਦੀ ਅੰਤਰ-ਆਤਮਾ ਤੇ...ਇਕ ਹੁੰਭ...ਇਕ ਭੈਅ...ਇਕ ਦਹਿਸ਼ਤ ਜਹੀ ਜ਼ਰੂਰ ਆਪਣਾ ਅਸਰ ਰੱਖਦੀ। ਪਰ ਆਖੀਰਲੇ ਸਾਲ ਇਹ ਹੁੱਰ ਵੀ ਘਟ ਗਈ ਸੀ। ਉਹਨੂੰ ਸਾਹਮਣੇ ਕੁੱਝ ਰੋਸ਼ਨੀ ਜਹੀ ਦਿਸਣ ਲੱਗ ਪਈ ਸੀ। ਉਹ ਸੋਚਦਾ, "ਬੱਸ ਕੁੱਝ ਕੁ ਮਹੀਨਿਆਂ ਬਾਅਦ ਮੈਂ ਲੱਗ ਜਾਵਾਂਗਾ।" ਤੇ ਕਲਪਣਾ ਹੀ ਕਲਪਣਾ ਵਿੱਚ ਉਹ ਕਿਤੇ ਤੋਂ ਕਿਤੇ ਪੁੱਜ ਜਾਂਦਾ। ਪਰ ਘਰ ਪੈਰ ਰੱਖਦੇ ਸਾਰ ਹੀ ਪਹਿਲਾਂ ਵਾਲੇ ਭਾਵ ਫਿਰ ਹਾਵੀ ਹੋ ਜਾਂਦੇ...। ਇਸ ਤਰ੍ਹਾਂ ਅਖੀਰਲਾ ਸਾਲ ਵੀ ਲੰਘ ਗਿਆ ਸੀ।

ਫਿਰ ਸ਼ੁਰੂ ਹੋਈ ਨੌਕਰੀ ਦੀ ਭਾਲ...। ਇਕ ਸਾਲ ਲਗਾਤਾਰ...ਸ਼ਾਇਦ ਹੀ ਕੋਈ ਦਿਨ ਰਿਹਾ ਹੋਵੇ...ਜਦੋਂ ਉਹ ਸ਼ਹਿਰ ਨਾ ਗਿਆ ਹੋਵੇ। ਜਿਉਂ ਜਿਉਂ ਦਿਨ ਲੰਘਦੇ, ਜਾਂਦੇ ਸਨ...ਉਹਦੀ ਆਤਮਾ ਤੇ ..ਇਕ ਹੁੰਭ ..ਇਕ ਭੈਅ...ਇਕ ਦਹਿਸ਼ਤ ਵਾਲੇ ਭਾਵ ਆਪਣੀ ਪਕੜ ਮਜ਼ਬੂਤ ਕਰਦੇ ਜਾ ਰਹੇ ਸਨ। ਪਰ ਉਹਦੀ ਕੋਈ ਪੇਸ਼ ਨਹੀਂ ਸੀ ਜਾ ਰਹੀ। ਇਕ ਦਿਨ ਜਦੋਂ ਬੀਬੀ ਨੇ ਆਪਣੀ ਆਖਰੀ ਮੁੰਦੀ ਵੇਚਕੇ ਵੀ ਦੇ ਦਿੱਤੀ, ਜੋ ਕਿ ਬਾਪੂ ਜੀ ਤੋਂ ਚੋਰੀ ਦਿੱਤੀ ਸੀ। ਉਸ ਦਿਨ ਜਦੋਂ ਉਹ ਸ਼ਾਮ ਨੂੰ ਨਿਹੱਥਾ ਜਿਹਾ ਹੋਕੇ ਵਾਪਸ ਆਇਆ ਤਾਂ ਉਹਨੂੰ ਏਦਾਂ ਜਾਪਿਆ ਜਿਵੇਂ ਉਹਨੇ ਮਾਂ ਦਾ ਕਲੇਜਾ ਖਾ ਲਿਆ ਹੋਵੇ। ਉਹਨੂੰ ਆਪਣੇ ਅੰਦਰੋਂ ਸੜਿਆਂਦ ਆਉਂਦੀ ਜਾਪੀ...। ਫ਼ਿਰ ਕਿੰਨੇ ਦਿਨਾਂ ਤੱਕ ਉਹ ਮਾਂ ਵੱਲ ਅੱਖ ਪੁੱਟਕੇ ਵੀ ਵੇਖਣ ਦੀ ਹਿੰਮਤ ਨਾ ਕਰ ਸਕਿਆ। ਇਸ ਘਟਨਾ ਤੋਂ ਪੰਜਵੇਂ ਦਿਨ...ਬਹੁਤ ਭਾਰੀ ਮੀਂਹ ਪਿਆ। ਅੰਦਰ ਵਾਲੀ ਕੋਠੜੀ ਚੋਣ ਲੱਗ ਪਈ ਸੀ। ਬੀਬੀ ਨੇ ਜਦੋਂ ਉਪਰ ਚੜ੍ਹਕੇ ਥੱਲਿਓਂ ਗਲ੍ਹੀ ਦੱਸਣ ਗਈ ਕਿਹਾ...ਤਾਂ ਅਚਾਨਕ ਹੀ ਕੋਠੜੀ ਵਿਚ ਖੜੇ ਨੂੰ ਏਦਾਂ ਜਾਪਿਆ ਜਿਵੇਂ ਉਹਦਾ ਕੋਈ ਸੰਘ ਨੱਪ ਰਿਹਾ ਹੋਵੇ...ਜਿਵੇਂ ਪਲਾਂ ਵਿਚ ਹੀ ਉਹਦਾ ਸਾਹ ਬੰਦ ਹੋ ਜਾਵੇਗਾ। ਉਹ ਬੜੀ ਤੇਜ਼ੀ ਨਾਲ ਬਾਹਰ ਵੱਲ ਭੱਜਿਆ। ਬੀਬੀ ਵੀ ਥੱਲੇ ਨੂੰ ਘਾਬਰੀ ਹੋਈ ਉਤਰੀ। ਪਰ ਜਦੋਂ ਉਹਨੇ ਕੋਈ ਉੱਤਰ ਨਾ ਦਿੱਤਾ ਤਾਂ ਕਿੰਨੇ ਦਿਨਾਂ ਤੱਕ ਉਹ ਉਹਦੇ ਚੇਹਰੇ ਨੂੰ ਪੜ੍ਹਨ ਦੀ ਕੋਸ਼ਿਸ਼ ਕਰਦੀ ਰਹੀ...। ਤੇ ਬੀਬੀ ਦੀਆਂ ਨਜ਼ਰਾਂ ਉਸ ਵੇਲੇ ਉਹਨੂੰ ਸੂਈਆਂ ਵਾਂਗ ਚੁਭਦੀਆਂ।

ਇਸ ਵਾਤਾਵਰਣ ਤੋਂ ਬਚਣ ਲਈ ਉਹ ਹਮੇਸ਼ਾ ਇਕੱਲਤਾ ਚਾਹੁੰਦਾ। ਅਕਸਰ ਇਕੱਲਾ ਹੀ ਕਿੰਨੀ ਦੇਰ ਕੰਮ ਕਰੀ ਜਾਂਦਾ। ਕਈ ਵਾਰੀ ਤਾਂ ਉਹਨੂੰ ਆਪ ਵੀ ਪਤਾ ਨਾ ਰਹਿੰਦਾ ਕਿ ਮੈਂ ਇਥੇ ਕਿੰਨੀ ਦੇਰ ਤੋਂ ਕੰਮ ਕਰ ਰਿਹਾ ਹਾਂ। ਪਰ ਇਕ ਦਿਨ ਹੰਗਾਮਾ ਹੋ ਗਿਆ ਸੀ ਜਦੋਂ ਉਹ ਤੇ ਉਹਦਾ ਵੱਡਾ ਭਾਈ (ਅਨਪੜ੍ਹ ਬੂਝੜ ਜੱਟ) ਨਾਮ੍ਹਾ ਸਾਰਾ ਦਿਨ ਮਕੀ ਦੀ ਗੁਡਾਈ ਤੋਂ ਬਾਅਦ ਮੁੜੇ...। ਪਹਿਲਾਂ ਤਾਂ ਉਹ ਉਂਝ ਹੀ ਸਾਰੇ ਦਿਨ ਦਾ ਪਰੇਸ਼ਾਨ ਸੀ। ਦੂਜੇ ਬਾਪੂ ਜੀ ਨੇ ਆਉਂਦੇ ਸਾਰ ਹੀ ਹੁਕਮ ਸੁਣਾ ਦਿਤਾ, "ਜਾਓ ਭਾਈ ਦੋਵੇਂ ਜਣੇ...ਇਕ ਭਰੀ ਕੱਖਾਂ ਦੀ ਵੱਢ ਲਿਆਓ...ਡੰਗਰਾਂ ਨੇ ਅੱਜ ਕੁਝ ਕੁਖ ਨੀ ਕਰੀ।"

ਉਹ ਸੁਣਦੀ ਸਾਰ ਹੀ ਜ਼ੋਰ ਦੀ ਚੀਖਿਆ ਸੀ।

"ਮੈਂ...ਨੀ...ਜਾਣਾ...ਓਏ...।" ਸਭਨੇ ਉਹਦੇ ਵੱਲ ਹੈਰਾਨੀ ਨਾਲ ਵੇਖਿਆ ਸੀ ਕਿ, "ਇਹਨੂੰ ਅਚਾਨਕ

ਹੀ ਕੀ ਹੋ ਗਿਆ।" ਫਿਰ ਬੀਬੀ ਨੇ ਸਿਰ ਤੇ ਹੱਥ ਰਖਕੇ ਬੜੀ ਮਮਤਾ ਭਰੀ ਆਵਾਜ਼ ਨਾਲ ਪੁੱਛਿਆ ਸੀ,

"ਪੁੱਤ ਕੀ ਗੱਲ ਹੋ ਗਈ ?" ਓਹ ਕੋਈ ਉਤਰ ਨਹੀਂ ਸੀ ਦੇ ਸਕਿਆ ਪਰ ਬਾਪੂ ਜੀ ਵੱਲ ਹਾਲੇ ਵੀ ਕਹਿਰੀ ਅੱਖ ਨਾਲ ਵੇਖ ਰਿਹਾ ਸੀ ਜਿਵੇਂ ਕਹਿ ਰਿਹਾ ਹੋਵੇ,

"ਤੂੰ...ਬਾਪੂ ਮੈਨੂੰ...ਨਾਮਾ ਬਨਾਮ ਤਰਸੇਮ... ਤਰਸੇਮ ਬਨਾਮ ਨਾਮਾਂ ਬਣਾਉਣਾ ਚਾਹੁੰਦਾ...ਨਹੀਂ...ਨਹੀਂ ...ਨਹੀਂ...ਮੈਨੂੰ ਇਹਦੇ ਨਾਲੋਂ ਵੱਖ ਰੱਖ...ਇਹਦੇ ਨਾਲੋਂ ...ਹਾਂ...ਹਾਂ...ਹਾਂ...ਘੱਟੋਂ ਘੱਟ ਇਹਦੇ ਨਾਲੋਂ...ਹਾਂ...।"

ਹੁਣ ਪਲ ਵੀ ਉਥੇ ਖੜਨਾ ਉਹਦੇ ਲਈ ਅਸੰਭਵ ਸੀ...ਕਿਉਂਕਿ ਅੰਗ ਅੰਗ ਵਿਚ ਜਲਨ ਹੋ ਰਹੀ ਸੀ। ਫਿਰ ਤੇਜ਼ੀ ਨਾਲ ਘਰ ਵੱਲ ਚੱਲ ਪਿਆ। ਰਸਤੇ ਵਿਚ ਉਹਨੂੰ ਕੋਈ ਪਤਾ ਨਹੀਂ ਕਿ ਕਿਹਨੇ ਉਹਨੂੰ ਆਵਾਜ਼ ਮਾਰੀ ਸੀ...ਤੇ ਧਰਮਸ਼ਾਲਾ ਤੇ ਕੌਣ ਕੌਣ ਬੈਠੇ ਸਨ। ਉਹਨੂੰ ਤਾਂ ਏਨਾਂ ਕੁ ਪਤਾ ਸੀ ਕਿ ਉਸ ਦਰਵਾਜ਼ੇ ਨੂੰ ਜ਼ੋਰ ਦੀ ਧੱਕਾ ਮਾਰਕੇ ਖੋਲ੍ਹਿਆ ਸੀ...ਜਿਵੇਂ ਪਿੱਛੋਂ ਫੜਕੇ ਉਹਨੂੰ ਕੋਈ ਘਸੀਟ ਰਿਹਾ ਹੋਵੇ। ਪਰ ਹਾਲੇ ਉਹ ਅੰਦਰ ਵੜਿਆ ਹੀ ਸੀ ਕਿ ਦੋਵੇਂ ਬਾਬੇ ਵੀ ਆ ਪਹੁੰਚੇ ਸਨ। ਹੁਣ ਉਹਨਾਂ ਨੂੰ ਵਾੜੇ ਵਿਚ ਵਾਪਰੀ ਘਟਨਾ ਦਾ ਪਤਾ ਲੱਗ ਗਿਆ ਸੀ। ਉਧਰ ਬਾਪੂ ਜੀ ਉਥੇ ਹੀ, ਹੈਰਾਨ ਪਰੇਸ਼ਾਨ ਬੈਠੇ ਸੋਚੀ ਜਾ ਰਹੇ ਸਨ...ਆਹ ! ਤਰਸੇਮ ਨੂੰ ਅਚਾਨਕ ਕੀ ਹੋ ਗਿਆ ? ਕਿੰਨੀ ਦੇਰ ਦੋਵੇਂ ਉਹਨੂੰ ਸਮਝਾਉਂਦੇ ਰਹੇ...ਫਿਰ ਜਦੋਂ ਉਹਨਾਂ ਨੂੰ ਤਸੱਲੀ ਹੋ ਗਈ ਉਹ ਫਿਰ ਵਾੜੇ ਵੱਲ ਚਲ ਪਏ। ਪਰ ਅਚਾਨਕ ਹੀ ਉਹਨੂੰ ਕਚੇ ਬਨੇਰਿਆਂ ਉੱਤੇ ਏਦਾਂ ਜਾਪਿਆ ਜਿਵੇਂ ਚਾਰੇ ਪਾਸੇ ਪੜਦਾਦੇ ਨਕੜਦਾਦਿਆਂ ਨਾਲ ਬਨੇਰੇ ਭਰ ਗਏ ਨੇ...ਜਿਵੇਂ ਉਹਨੂੰ ਕਹਿ ਰਹੇ ਹੋਣ "ਪੁੱਤ...ਆ ਜਾ...ਸਾਡੀ ਸ਼ਰਨ ਵਿਚ...ਐਵੇਂ ਨੀ ਭਟਕੀ ਦਾ—ਇਹ ਸਭ ਕੁਝ ਪਹਿਲਾਂ ਤੋਂ ਹੀ ਹੁੰਦਾ ਆ ਰਿਹਾ...ਤੂੰ ਆਪਣੀ ਸਹਿਣ ਸ਼ਕਤੀ ਵਧਾ...ਆਪਣੀਆਂ ਲੀਹਾਂ ਨੀ ਛੱਡੀ ਦੀਆਂ...ਫਿਰ ਨੀਂ ਰਸਤਾ ਲੱਭਦਾ ਹੁੰਦਾ...।" ਉਹ ਪੀੜ੍ਹੀ ਉਪਰ ਬੈਠਾ ਇਕ ਦਮ ਤ੍ਰਭਕਿਆ...ਜਿਵੇਂ ਇਸ ਘਰ ਦੀ ਸੰਸਕ੍ਰਿਤੀ ਉਹਨੂੰ ਹੜਪ ਕਰ ਰਹੀ ਹੋਵੇ। ਫਿਰ ਤੇਜ਼ੀ ਨਾਲ ਘਰੋਂ ਬਾਹਰ ਨਿਕਲ ਗਿਆ। ਤੇ ਦਰਵਾਜ਼ਾ ਉਸੇ ਤਰ੍ਹਾਂ ਹੀ ਖੁੱਲ੍ਹਾ ਰਿਹਾ।

ਬਾਹਰ ਜਦੋਂ ਉਹ ਆਪਣੀ ਭੀੜੀ ਜਹੀ ਗਲੀ ਵਿਚੋਂ ਤੇਜ਼ੀ ਨਾਲ ਲੰਘ ਰਿਹਾ ਸੀ...ਉਹਨੂੰ ਏਦਾਂ ਜਾਪਦਾ ...ਜਿਵੇਂ ਉਹਨੂੰ ਕੋਈ ਨੂੜ ਰਿਹਾ ਹੈ...ਉਹਦੀਆਂ ਲੱਤਾਂ ਬਾਹਾਂ...ਕਿਸੇ ਸ਼ਕਤੀਸ਼ਾਲੀ ਸ਼ੈਅ ਨਾਲ ਜਕੜੀਆਂ ਜਾ ਰਹੀਆਂ ਨੇ...ਤੇ ਅੱਖਾਂ ਕਿਸੇ ਬਾਰੀਕ ਜਹੇ ਕੱਪੜੇ ਨਾਲ ਢੱਕੀਆਂ ਜਾ ਰਹੀਆਂ ਨੇ...ਜਿਹਦੇ ਵਿਚੋਂ ਬੱਸ ਪਿੰਡ ਦੇ ਬੰਨੇ ਤੱਕ ਹੀ ਦਿਸ ਸਕੇ...। ਪਿਛੋਂ ਬਨੇਰਿਆਂ ਉਪਰ ਬੈਠੇ ਪੜਦਾਦੇ ਨਕੜਦਾਦੇ ਜਿਵੇਂ ਲੰਬੇ ਲੰਬੇ ਸਾਹ ਭਰਕੇ ਉਹਨੂੰ ਆਪਣੇ ਵੱਲ ਖਿਚ ਰਹੇ ਨੇ...। ਪਰ ਉਹ ਤਾਂ ਛੋਟੀ ਤੋਂ ਛੋਟੀ ਇਸ ਭੀੜੀ ਗਲੀ ਵਿਚੋਂ ਨਿਕਲਣਾ ਚਾਹੁੰਦਾ ਸੀ। ਅੱਗੇ ਜਾ ਕੇ ਜਦੋਂ ਗਲੀ ਬਿਲਕੁਲ ਭੀੜੀ ਹੋ ਚੁਕੀ ਸੀ...ਉਹਨੂੰ ਜਾਪਿਆ ਜਿਵੇਂ ਪਿੰਡ ਉਹਨੂੰ ਨਿਗਲ ਰਿਹਾ ਹੈ...ਦੂਰ ਥੱਲੇ ਬੈਠੇ ਦਿਸਦੇ ਨੇ...ਨਾਮਾ ਹਾਲੀ, ਸੁਰਮਾ ਪਾਲੀ, ਛੜਾ ਜਾਗਰ, ਰੱਖੇ ਹੁਰਾਂ ਦਾ ਸਾਂਝੀ ...ਤੇ ਬਿਸਾਵਾ ਬੁੱਢਾ...ਹੋਰ ਕਿੰਨੇ ਹੀ ਇਸ ਪਰੰਪਰਾ ਦੇ ਬੰਦੇ ...।

"ਆ ਜਾ ...ਆ ਜਾ...ਭਾਈ...ਆ ਜਾ...ਭਾਈ-ਚਾਰੇ ਵਿਚ ਹੀ ਚੰਗਾ ਹੁੰਦਾ...ਆ ਜਾ...ਆ ਜਾ . ਅੱਜ ਨੀ ਤਾਂ ਕਲ੍ਹ ਨੂੰ ਆਉਣਾ ਹੀ ਪੈਣਾ ਸੀ...ਚੰਗਾ...ਟੈਮ ਸਿਰ ਆ ਗਿਆ...ਆ... ਜਾ।" ਜਿਵੇਂ ਸਭ ਉਹਨੂੰ ਮਿਲਕੇ ਉੱਚੀ ਉੱਚੀ ਬੁਲਾ ਰਹੇ ਹੋਣ...। ਤੁਰੇ ਜਾਂਦੇ ਨੇ ਗਰਦਨ ਨੂੰ ਏਨੀ ਜ਼ੋਰ ਦੀ ਝਟਕਾ ਮਾਰਿਆ ਕਿ ਇਕ ਪਾਸੇ ਦੀ ਨਾੜ ਹੀ ਚੜ੍ਹ ਗਈ। ਹੁਣ ਚਾਲ ਹੋਰ ਤੇਜ਼ ਕਰ ਦਿਤੀ ਸੀ ਪਰ ਤੁਰੇ ਜਾਂਦੇ ਨੂੰ ਏਦਾਂ ਜਾਪ ਰਿਹਾ ਸੀ ਜਿਵੇਂ ਇਸ ਪਿੰਡ ਵਿਚ ਉਹਦੀ ਆਤਮਾ ਨਾਲ ਜਬਰ ਜਿਨਾਹ ਹੋ ਰਿਹਾ ਹੋਵੇ।

ਹਾਲੇ ਉਹ ਵਾੜੇ ਵਿਚ ਪੁੱਜਿਆ ਹੀ ਸੀ, ਉਹਨੇ ਵੇਖਿਆ ਕਿ ਮਾਂ ਦੇ ਚੇਹਰੇ ਤੇ ਰੌਣਕ ਜਹੀ ਆ ਗਈ। ਉਹਦੀਆਂ ਅੱਖਾਂ ਵਿਚ ਅਜੀਬ ਕਿਸਮ ਦੀ ਵੇਦਨਾਂ ਸੀ... ਉਹ ਮੂੰਹੋਂ ਵੀ ਕੁਝ ਬੋਲੀ ਸੀ। ਪਰ ਉਸ ਤੋਂ ਪਹਿਲਾਂ ਉਹਨੂੰ ਬਾਬੇ ਦੀ ਆਵਾਜ਼ ਸੁਣਾਈ ਦਿੱਤੀ :

"ਪੁੱਤ...ਬਲਦਾਂ ਨੂੰ ਪਾਣੀ ਪਿਲਾ ਲਿਆ...ਟੋਬੇ ਵਿਚ ..।" ਉਹਨੇ ਚੁੱਪਚਾਪ ਭੂੰਗੇ ਤੇ ਮੀਣੇ ਨੂੰ ਖੋਲ੍ਹਿਆ ਤੇ ਟੋਬੇ ਵੱਲ ਚਲ ਪਿਆ। ਵਾਪਸੀ ਤੇ ਉਹਨੂੰ ਏਦਾਂ ਜਾਪਿਆ ਜਿਵੇਂ ਭੂੰਗਾ ਤੇ ਮੀਣਾ ਇਕਦਮ ਭੱਜ ਲਏ ਨੇ ...ਸਿਰ ਤੋੜ...ਤੇ ਉਹ ਰੱਸੇ ਫੜੀ ਉਹਨਾਂ ਮਗਰ ਘਸੀਟਦਾ ਹੀ ਆ ਰਿਹਾ ਹਾਂ...ਉਹਦੀ ਖੱਲ ਉਧੜ ਰਹੀ ਏ, ਵਿਚੋਂ ਨਵੀਂ ਕਾਲੀ ਸਿਆਹ ਖੱਲ ਨਿਕਲ ਰਹੀ ਏ... ਨਾਮੇ ਹਾਲੀ ਵਰਗੀ...ਸੁਰਮੇ ਪਾਲੀ ਵਰਗੀ ਖੱਲ...। ਜਦੋਂ ਉਹ ਵਾੜੇ ਵਿਚ ਪੁੱਜਿਆ ਤਾਂ ਉਹਦੀ ਹਾਲਤ ਅੰਤਾਂ ਦੀ ਤਰਸਯੋਗ ਹੋ ਚੁਕੀ ਸੀ। ਵਾੜੇ ਵਿਚ ਵੜਦੇ ਸਾਰ ਹੀ ਬਾਬੇ ਨੇ ਬੜੇ ਲਾਡ ਵਿਚ ਕਿਹਾ,

"ਮੇਰਾ ਪੋਤਾ ਤਾਂ ਅੱਜ ਹਾਲੀਓ ਲਗਦਾ...।" ਤਾਂ ਅਜਿਹਾ ਰਹੱਸ ਉਸਦੇ ਚੇਹਰੇ ਉੱਤੇ ਉਸਰਿਆ ਜਦੋਂ ਉਹਨੇ ਕਿਹਾ, "ਬੱਸ...ਬੱਸ...ਬਾਬੇ...ਇਸਤੋਂ ਅੱਗੇ ਕੁਝ ਨਾ ਕਹਿਣਾ...।"

ਕਈ ਵਾਰੀ ਅਚਾਨਕ ਹੀ ਉਹਨੂੰ ਜਾਪਦਾ ਜਿਵੇਂ ਉਹਦਾ ਇਕ ਹਿੱਸਾ ਖੁਦਕਸ਼ੀ ਕਰ ਰਿਹਾ ਹੈ। ਇਕ

ਛੁਪੀ, ਭੇਤ ਭਰੀ ਪੀੜ, ਉਸਦੀਆਂ ਆਂਦਰਾਂ ਨੂੰ ਕੁਤਰਦੀ ਰਹਿੰਦੀ...ਉਹਦੇ ਹਰ ਪੱਠੇ ਵਿਚ ਕਚਿਆਣ ਪੈਦਾ ਕਰਦੀ ਰਹਿੰਦੀ। ਉਸ ਵਕਤ ਉਹਦਾ ਸਰੀਰ ਇਕਦਮ ਪਸੀਨੋ-ਪਸੀਨੀ ਹੋ ਜਾਂਦਾ...ਚਾਰੇ ਪਾਸਿਓਂ ਅਜੀਬ ਕਿਸਮ ਦਾ ਸੇਕ ਮਾਰਨ ਲੱਗ ਪੈਂਦਾ...ਤੇਜ਼ ਕਦਮੀ ਤੁਰਦਾ ਤੁਰਦਾ ਦੂਰ ਤੱਕ ਲੰਘ ਜਾਂਦਾ...ਪਰ ਉਹ ਸੇਕ ਹੀ ਏਹੋ ਜਿਹਾ ਸੀ ਕਿ ਪਿੱਛਾ ਛੱਡਦਾ ਹੀ ਨਹੀਂ ਸੀ। ਜਦੋਂ ਦੂਰ ਜਾ ਕੇ ਪਿੰਡ ਵੱਲ ਵੇਖਦਾ ਤਾਂ ਸਾਰਾ ਪਿੰਡ ਏਦਾਂ ਜਾਪਦਾ ਜਿਵੇਂ ਕਹਿ ਰਿਹਾ ਹੋਵੇ, ਮੇਰੇ ਨਾਲ ਸਹਿਮਤ ਹੋ ਜਾਓ, ਨਹੀਂ ਦੁਸ਼ਮਣ ਕਰਾਰ ਦਿਤੇ ਜਾਓਗੇ। ਫਿਰ ਵਿਚਕਾਰੋਂ ਇਕ ਅਨਘੜਿਆ, ਬੁੱਢਾ ਤੇ ਮਜ਼ਬੂਤ ਹੱਥ ਜਿਵੇਂ ਉਹਨੂੰ ਗੋਲੋਂ ਫੜਕੇ ਪਿੰਡ ਵੱਲ ਖਿੱਚਦਾ। ਉਸ ਵਕਤ ਉਹ-ਦੀਆਂ ਪੁਤਲੀਆਂ ਵਿਚ ਇਕ ਭਿਆਨਕ ਵਿਗੜਿਆ ਹੋਇਆ ਚੇਹਰਾ ਜਖ਼ਮੀ ਸ਼ੇਰ ਵਾਂਗ ਟੱਪਦਾ ਦਿਸਦਾ। ਤੇ ਅਜੀਬ ਕਿਸਮ ਦੀ ਬਦਲਾ ਲਊ ਭਾਵਨਾ ਲੈਕੇ ਉਹ ਪਿੰਡ ਵੱਲ ਚਲ ਪੈਂਦਾ।

ਪਰ ਪਿਛਲੇ ਕੁਝ ਦਿਨਾਂ ਤੋਂ ਘਰ ਵਿਚ ਸਭ ਤੋਂ ਵੱਧ ਚਰਚਾ ਵੱਡੀ ਭੈਣ ਦੇ ਵਿਆਹ ਦੀ ਹੋ ਰਹੀ ਸੀ। ਸਭ ਅਜੀਬ ਕਿਸਮ ਦੇ ਸੰਕਟ ਵਿਚ ਫਸੇ ਹੋਏ ਸਨ। ਕਿਸੇ ਨੂੰ ਕੁਝ ਸਮਝ ਨਹੀਂ ਸੀ ਆ ਰਿਹਾ...। ਪਰਸੋਂ ਦਾ ਇੰਜਣ ਡੀਜ਼ਲ ਬਿਨਾਂ ਖੜਾ ਸੀ...ਜ਼ੀਰੀ ਵੱਖਰੀ ਸੁਕ ਰਹੀ ਸੀ...ਪਿਛਲੇ ਹਫਤੇ ਬਿਜਲੀ ਵਾਲੇ ਮੋਟਰ ਦਾ, ਕੁਨੈਕਸ਼ਨ ਕੱਟ ਗਏ ਸਨ...ਬਿੱਲ ਨਾ ਤਾਰਨੇ ਕਰਕੇ। ਅੱਜ ਸ਼ਾਮ ਨੂੰ ਜਦੋਂ ਉਹ ਵਾੜੇ ਵਿਚੋਂ ਕੱਖ ਕੰਡਾ ਕਰਕੇ ਮੁੜਿਆ ਤਾਂ ਉਹਨੇ ਵੇਖਿਆ ਕਿ ਪੰਜ ਛੇ ਓਪਰੇ ਬੰਦੇ ਘਰੋਂ ਨਿਕਲਕੇ ਜਾ ਰਹੇ ਨੇ। ਉਹਨੇ ਜਾਂਦੇ ਹੀ ਬੀਬੀ ਨੂੰ ਪੁੱਛਿਆ, "ਇਹ ਕੌਣ ਸੀ ਬੀਬੀ ?"

"ਕਿਸ਼ਤ...ਵਾਲੇ...ਸੀ...ਪੁੱਤ...।" ਉਹਨੇ ਕਾਫੀ ਰੁਕ ਰੁਕਕੇ ਕਿਹਾ। ਉਸ ਵਕਤ ਉਹਨੂੰ ਉਹਨਾਂ ਦੀ ਪਿੱਠਾਂ ਏਦਾਂ ਜਾਪੀਆਂ ਸਨ ਜਿਵੇਂ ਇਸ ਘਰ ਦੀ ਅਣਖ ਨੂੰ ਵੰਗਾਰ ਕੇ ਜਾ ਰਹੀਆਂ ਹੋਣ...। ਇਹਨਾਂ ਉਲਝਣਾਂ ਕਰਕੇ ਘਰ ਵਿਚ ਹੋਰ ਵੀ ਸੋਗ ਵਾਲਾ ਮਹੌਲ ਬਣਦਾ ਜਾ ਰਿਹਾ ਸੀ। ਉਹ ਦੇਖਦਾ ਕਿ ਕਈ ਵਾਰੀ ਗੱਲਾਂ ਕਰਦੇ ਕਰਦੇ ਬਾਪੂ ਤੇ ਬੀਬੀ ਦੇ ਚੇਹਰੇ ਇੱਕਦੱਮ ਸੁਕੇ ਹੋਏ ਛੱਪੜ ਵਾਂਗ ਤਿੜਕ ਜਾਂਦੇ।

ਕਈ ਵਾਰੀ ਜਦੋਂ ਭੈਣ ਦੇ ਸਾਹਮਣੇ ਉਹਦੇ ਵਿਆਹ ਦੀ ਗੱਲ ਚਲਦੀ ਤਾਂ ਉਹਨੂੰ ਜਾਪਦਾ ਜਿਵੇਂ ਭੈਣ ਦੀਆਂ ਅੱਖਾਂ ਉਹਨੂੰ ਕੁਝ ਕਰਨ ਲਈ ਵੰਗਾਰ ਰਹੀਆਂ ਨੇ।

"ਤੂੰ...ਭਾਈ ਹੋਕੇ...ਏਨਾਂ ਵੀ ਨੀ ਕਰ ਸਕਦਾ।... ਇਕਦਮ ਕੋਈ ਗੈਬੀ ਤਾਕਤ ਉਹਦੇ ਅੰਦਰ ਮਰੋੜਾ ਖਾਣ ਲੱਗ ਪੈਂਦੀ। ਉਹਦੀਆਂ ਅੱਖਾਂ ਸਾਹਮਣੇ ਅਜੀਬ ਕਿਸਮ ਦੇ ਬਿੰਬ ਆਉਂਦੇ...ਜਿਹੜੇ ਕਈ ਕਈ ਦਿਨਾਂ ਤੱਕ ਚਲਦੇ ਰਹਿੰਦੇ...। ਕੁਝ ਕਰਨ ਲਈ...ਪਾਸਾ ਜਿਹਾ ਪਰਤਣ ਲਈ.. ਉਹਨੂੰ ਉਕਸਾਉਂਦੇ ਰਹਿੰਦੇ। ਪਰ ਉਹ ਅਕਸਰ ਉਹਨਾਂ ਤੋਂ ਭੈਭੀਤ ਰਹਿੰਦਾ। ਪਰ ਪਿਛਲੇ ਕੁੱਝ ਦਿਨਾਂ ਤੋਂ ਉਹ ਜਿਵੇਂ ਉਹਨੂੰ ਚੁੜੇਲਾਂ ਵਾਂਗ ਚੰਬੜ ਗਏ ਸਨ। ਜਦੋਂ ਵੀ ਘਰ ਕੋਈ ਇਹੋ ਜਹੀ ਗੱਲ ਚਲਦੀ ਤਾਂ...ਉਹ ਇਕਦਮ...ਦੋ ਤਿੰਨਾਂ ਤੋਂ ਵੱਧਕੇ ਜਲੂਸਾਂ ਦੀ ਸ਼ਕਲ ਵਿਚ ਉਹਦੇ ਸਾਹਮਣੇ ਆਉਣੇ ਸ਼ੁਰੂ ਹੋ ਜਾਂਦੇ...। ਕਦੇ ਕਦੇ ਏਨੀ ਗਿਣਤੀ ਵਧ ਜਾਂਦੀ, ਉਹਨੂੰ ਜਾਪਦਾ ਜਿਵੇਂ ਉਹ ਉਹਨਾਂ ਵਿਚ ਹੜ੍ਹ ਚੱਲਿਆ ਹੈ। ਇਕ ਦਿਨ ਹੜ੍ਹ ਵੀ ਤਾਂ ਗਿਆ ਸੀ...ਹਾਂ...ਹਾਂ...' ਉਦੋਂ ਤਾਂ ਪਤਾ ਹੀ ਨਹੀਂ ਸੀ ਲੱਗਿਆ...। ਕੁਝ ਵੀ ਯਾਦ ਨਹੀਂ ਆ ਰਿਹਾ। ਹਾਂ...ਯਾਦ ਆਇਆ...ਜਦੋਂ ਉਹ ਘਰੋਂ ਨਿਕਲਿਆ ਸੀ...ਬਾਪੂ ਦਾ ਝੱਗਾ ਪੂਰੀ ਤਰ੍ਹਾਂ ਪਾਟਿਆ ਹੋਇਆ ਸੀ...ਬੀਬੀ ਦੀ ਚੁੰਨੀ ਸਿਰ ਉਪਰੋਂ ਲੀਰੋ ਲੀਰ ਸੀ...ਤੇ ਭੈਣ...ਭੈਣ ਵਿਆਹ ਤੋਂ ਤਿੰਨ ਸਾਲ ਉਪਰ ਹੋ ਚੁੱਕੀ ਸੀ...ਬੱਸ...ਬੱਸ।

"ਆਹ ! ਕੌਣ ਰੋ ਰਿਹਾ...ਮਾਂ...ਤੂੰ...।"

ਉਹਨੂੰ ਜਾਪਿਆ ਜਿਵੇਂ ਮਾਂ ਘਰ ਦੇ ਵੇਹੜੇ ਵਿਚ ਬੈਠੀ ਉਚੀ ਉਚੀ ਕੀਰਨੇ ਪਾ ਰਹੀ ਹੈ। ਕਿੰਨੀਆਂ ਹੀ ਤੀਵੀਆਂ ਉਹਨੂੰ ਫੜੀ ਬੈਠੀਆਂ ਨੇ...।) ਪਰ ਉਹ ਚੁੱਪ ਹੀ ਨਹੀਂ ਕਰ ਰਹੀ।

"ਵੇ-ਲੋਹੜਾ ਸਾਂਈ ਦਾ...ਦੇਖਦਿਆਂ ਹੀ ਚੰਦ ਛਿਪ ਗਿਆ ਵੇ...ਉਏ ਲੋਕੋ ਇਸ ਘਰ ਦਾ ਚਿਰਾਗ ਬੁੱਝ ਗਿਆਂ...ਉਹ ਦੋਹਾਂ ਜਹਾਨਾਂ ਦੇ ਮਾਲਕਾ ਤੇਰਾ ਕੁਸ਼ ਨਾ ਰਵੇ...।"

ਨੀ ਚੁੱਪ ਕਰ ਧੀਏ...ਉਹ ਤਾਂ ਯੋਧਾ ਸੀ ਯੋਧਾ... ਸਿੱਖੀ ਰਾਖੀ ਕਰਦਾ ਸ਼ਹੀਦ ਹੋਇਆ...ਧੰਨ ਭਾਗ ਤੇਰੀ ਕੁੱਖ ਦੇ...ਜਿਹਨੇ ਇਹੋ ਜਿਹਾ ਯੋਧਾ ਜਣਿਆ...।" ਲਾਗਦੀ ਬੁੱਢੀ ਆਤੀ ਉਹਨੂੰ, ਸਮਝਾ ਰਹੀ ਹੈ।

"ਵੇ ਅੱਗ ਲੱਗ ਜਾਵੇ ਏਹੋ ਜਹੀ ਸਿੱਖੀ ਨੂੰ... ਜਿਹਨੇ ਮੇਰਾ ਪੁੱਤ ਖੋ ਲਿਆ ਵੇ...ਵੇ ਸੱਤਗੁਰਾ ਤੂੰ ਸੁਣਦੀ ਸਾਰ ਹੀ ਗਰਕ ਹੋ ਜਵੇਂ......ਵੇ।" ਲਾਗ ਬੈਠੀਆਂ ਸਭ ਤੀਵੀਆਂ ਫਿਸ ਪਈਆਂ। ਫਿਰ ਪੂਰੋ ਬੁੱਢੀ ਹੌਸਲਾ ਕਰਕੇ ਬੋਲੀ...:-

"ਨੀ ਚੁੱਪ ਕਰ ਧੀਏ...ਦੂਜੇ ਜੀਆਂ ਦੀ ਸੁੱਖ ਮੰਗ...।"

"ਤਰਸੇਮ ਦਾ ਬਾਪੂ ਕਿਥੇ ਐ...।" ਉਹਨੇ ਘਾਬਰੀ ਹੋਈ ਨੇ ਪੁੱਛਿਆ।

"ਉਹ...ਠੀਕ ਏ ਪੁੱਤ...ਆਹ ਲੈ ਤੂੰ ਪਾਣੀ ਦਾ

ਘੁੱਟ ਪੀ ਲੈ...।" ਪਾਣੀ ਪੀਕੇ ਉਹਨੂੰ ਫਿਰ ਸੁਰਤ ਜਹੀ ਆ ਗਈ।

ਲਾਸ਼ ਘਰ ਵਿਹੜੇ ਵਿਚ ਰੱਖ ਦਿਤੀ ਗਈ। ਦਿੱਡ ਗੋਲੀਆਂ ਨਾਲ ਵਿੰਨ੍ਹਿਆ ਵੇਖਕੇ ਉਹਨੇ ਦਿਲ ਚੀਰਵਾਂ ਕੀਰਨਾ ਕੀਰਨਾ ਪਾਇਆ।

"ਵੇ...ਮੈਂ ਤਾਂ ਮਾਲਸਾਂ ਕੁਰਦੀ ਮਰਗੀ ਵੇ ਪੁੱਤਾ ਤੇਰੀਆਂ...ਤੇਰਾ ਢਿੱਡ ਛਾਣਨੀ ਕਰ ਤਾ ਵੇ ਜ਼ਾਲਮਾਂ, ਹਾਏ ਵੇ ਲੋਕੋ...ਵੇ ਕਲਗੀਆਂ ਵਾਲਿਆ ਤੂੰ ਕਿੱਥੇ ਚਲਾ ਗਿਆ ਸੀ ਉਦੋਂ...ਬੇਗੁਨਾਹਾਂ ਦੇ ਰਾਖਿਆ...।"

ਆਦਮੀਆਂ ਵੱਲੋਂ ਆਵਾਜ਼ਾਂ ਆ ਰਹੀਆਂ ਨੇ :

"ਭਾਈ ਭਾਣਾ ਮੰਨੋ...ਭਾਣਾ...।"

"ਹਾਂ ਜੀ...ਇਹ ਤਾਂ ਕਰਨੀ ਦਾ ਫਲ ਐ ਭਾਈ... ਜੇ ਸਤਿਗੁਰਾਂ ਦੀ ਕਰੋਪੀ ਹੋਈ...ਤਾਂ ਭਟਕਿਆ ਭਾਈ..."

ਸੁਣਦੀ ਸਾਰ ਹੀ ਉਹ ਸਭ ਤੀਵੀਆਂ ਤੋਂ ਛੁੱਟ ਕੇ ਬਿਜਲੀ ਵਾਂਗ ਉਠੀ। ਇਕ ਗਿਲੇ ਤੇ ਸ਼ਿਕਵੇ ਭਰਪੂਰ ਦਿਲ ਵਿੰਨ੍ਹਵਾਂ ਕੀਰਨਾ ਪਾਇਆ।

"ਵੇ ਲੋਕੋ...ਇਸ ਤਰ੍ਹਾਂ ਨਾ ਕਹੋ ਮੇਰੇ ਪੁੱਤ ਨੂੰ... ਮੈਨੂੰ ਪਤਾ...ਮੈਨੂੰ ਪਤਾ...ਉਹ ਕਾਹਨੂੰ ਭਟਕਿਆ ਸੀ...ਵੇ ਇਹਨਾਂ ਕੱਚੇ ਕੋਹਲਿਆਂ ਨੇ ਖਾਂ ਲਿਆ ਵੇ ਮੇਰਾ ਸ਼ੇਰ ਪੁੱਤ...।" ਓਹ ਜ਼ੋਰ ਦੀ ਕੰਧ ਨਾਲ ਸਿਰ ਮਾਰਨ ਲੱਗ ਪਈ। ਮੱਥੇ ਤੋਂ ਖੂਨ ਵਹਿ ਤੁਰਿਆ...ਸ਼ਾਇਦ ਮਿੱਟੀ ਵਿਚ ਕੋਈ ਪੱਥਰ ਸੀ। ਆਤੀ ਨੇ ਉਹਦੀ ਚੁੰਨੀ ਪਾੜਕੇ ਮੱਥੇ ਉਖਰ ਲਪੇਟ ਦਿੱਤੀ। ਪਰ ਉਹ ਲਗਾਤਾਰ ਕੀਰਨੇ ਪਾਈ ਜਾ ਰਹੀ ਸੀ।

"ਵੇ ਉਹ ਕਿਹੜਾ ਟੈਮ ਸੀ ਮੇਰੇ ਰਾਜੇ ਦੁਲਾਰੇ... ਆ ਜਾ ਮੇਰੇ ਰਾਜੇ ਪੁੱਤ...ਤੇਰੀ ਰੋਜ਼ ਚਾਹ ਠੰਡੀ ਹੁੰਦੀ ਪਤੀਲੀ ਵਿਚ...।" ਇਸ ਕੀਰਨੇ ਨਾਲ ਸਭ ਇਕਵਾਰ ਫਿਰ ਰੋਣ ਲੱਗ ਪਈਆਂ।

"ਵੇ ਤੇਰੀ ਬੂਰੀ ਮੈਂਸ ਦਾ ਦੁੱਧ ਹੁਣ ਕੌਣ ਪੀਊਗਾ ਤੇਰੀ ਫੁਲੋ ਲੋਟੀ ਵੀ ਸੂ ਪੀ...ਉਹਦੀ ਬੋਹਲੀ ਤਾਂ ਸੁੱਚੀ ਕਰ ਜਾ...ਚੋਰੀ ਚੋਰੀ ਕੱਖ ਪਾਉਂਦਾ ਹੁੰਦਾ ਸੀ ਵੇ ਪੁੱਤਾ...।" ਉਹ ਇਕ ਦਮ ਲਾਸ਼ ਵੱਲ ਵਧੀ। ਦੂਜੇ ਹੀ ਪਲ ਉਹਦੇ ਨਾਲ ਲਿਪਟ ਕੇ ਅਜਿਹਾ ਕੀਰਨਾ ਪਾਇਆ ਕਿ ਕਿਸੇ ਦੀ ਹਿੰਮਤ ਵੀ ਨਾ ਪਈ ਕਿ ਉਹਨੂੰ ਕੁਝ ਕਹਿ ਸਕੇ। "ਵੇ...ਉਠ ਖੜ ਤਰਸੇਮ ਪੁੱਤ...ਤੇਰੇ ਕਾਲਜ ਦਾ ਟੈਮ ਹੋ ਗਿਆ...ਇਕਵਾਰ ਉਠ ਕੇ ਤਾਂ ਦੇਖ...ਤੈਨੂੰ ਮੈਂ ਫੁੱਲਾਂ ਆਲੀ ਨਵੀਂ ਕਮੀਜ਼ ਲਿਆਂਦੀ...ਨਾਲੇ ਦੱਸੀਂ ਆਪਣੇ ਆੜੀਆਂ ਨੂੰ...ਬੀਬੀ ਨੇ ਬਾਪੂ ਤੋਂ ਚੋਰੀ ਪੈਸੇ ਜੋੜ ਜੋੜ ਕੇ ਸੁਆਈ।" ਫਿਰ ਉਹਦੀ ਗਰਦਨ ਏਦਾਂ ਪੱਟਾਂ ਉੱਤੇ ਰੱਖ ਲਈ ਜਿਵੇਂ ਸੱਚੀਂ ਮੁਚੀਂ ਗੱਲਾਂ ਕਰ ਰਹੀ ਹੋਵੇ।

"ਪੁੱਤ...ਉਠ ਵੀ...ਖੜ...ਹੁਣ ਤੇ ਨੀ ਮੈਂ ਬਾਪੂ ਨੂੰ ਲੜਨ ਦੇਂਦੀ...ਮੈਂ ਆਪੇ ਕੱਖ ਕੰਡਾ ਕਰ ਲੂੰਗੀ... ਪਰ ਤੂੰ ਉਠ ਤਾਂ ਸਹੀ...ਵੇ ਉਠ ਖੜ...ਅੱਜ ਦੇ ਵਿਛੜੇ ਕਦੋਂ ਮੇਲੇ ਹੋਣਗੇ...ਵੇ...।"

ਠੱਕ...ਠੱਕ...ਠੱਕ...ਠੱਕ...।" ਸ਼ਾਇਦ ਕੋਈ ਆ ਰਿਹਾ ਹੈ। ਉਹ ਅਤੀਤ ਤੋਂ ਵਰਤਮਾਨ ਵਿਚ ਆਇਆ। ਸਾਰਾਂ ਸਰੀਰ ਪਸੀਨੋ ਪਸੀਨੀ...ਇਕ ਥਾਣੇਦਾਰ ਤੇ ਸਿਪਾਹੀ ਆਏ। ਥਾਣੇਦਾਰ ਆਉਂਦਾ ਹੀ ਬੋਲਿਆ :

ਅੱਛਿਆ! ਇਹ ਹੈ ਉਹ 'ਅਤਵਾਦੀ' ਵੱਡਾ ਖੱਬੀਖਾਨ...।"

ਉਹਨੇ ਥਾਣੇਦਾਰ ਵੱਲ ਘੂਰ ਕੇ ਵੇਖਿਆ। ਲਫ਼ਜ਼ 'ਅੱਤਵਾਦੀ' ਜਿਵੇਂ ਉਹਦੀ ਜ਼ਮੀਰ ਦੀਆਂ ਡੂੰਘਾਈਆਂ ਵਿਚ ਸੂਈ ਵਾਂਗ ਵੱਜਿਆ।

ਫਿਰ ਥਾਣੇਦਾਰ ਨੇ ਡਾਇਰੀ ਖੋਹਲੀ ਤੇ ਵਿਚੋਂ ਪੜ੍ਹਕੇ ਬੋਲਿਆ :

"ਇਸ ਹਫਤੇ ਵਿਚ ਪੰਜ...ਚਾਰ ਗਰੈਜੂਏਟ...।"

"ਹਾਕਮ.....।" ਉਹ ਜ਼ੋਰ ਦੀ ਚੀਖਿਆ।

ਤੇ ਫਿਰ ਗੋਲੀਆਂ ਦੀ ਬੁਛਾੜ...ਇਕਦਮ ਖੂਨ ਨਾਲ ਲੱਥ ਪੱਥ...।" ਅੱਖਾਂ ਅੱਗੇ ਅਜੀਬ ਕਿਸਮ ਦਾ ਹਨੇਰਾ ਆ ਰਿਹਾ ...ਹੈ। ਪਰ ਫਿਰ ਵੀ ਉਹ ਆਖਰੀ ਲਫ਼ਜ਼ ਬੋਲਿਆ ਜਿਵੇਂ ਕੋਈ ਸੁਨੇਹਾ ਦੇ ਰਿਹਾ ਹੋਵੇ ..

"ਬਾਪੂ ਤੇਰਾ ਝੱਗਾ ...ਬੀਬੀ ਤੇਰੀ ਚੁੰਨੀ...ਆਪਣੀ ਛਿੰਦੋ ਦਾ ਵਿਆਹ...ਹੂੰ...ਹੂੰ...ਹੂੰ...।"

ਬਈ ਮੈਨੂੰ ਇਹ ਸਾਲਾ ਕੋਈ ਪਾਗਲ ਏ ਲੱਗਦਾ...।"

"ਕਾਹਨੂੰ...ਸਾਲੇ ਨੂੰ ਮੌਤ ਦੇ ਜਿੰਨੇ ਦਿਖਦੇ ਹੁਣ...।"

ਤੇ ਫਿਰ ਇਕ ਜ਼ੋਰਦਾਰ ਹਾਸਾ...ਦੂਰ ਤੱਕ ਰਾਤ ਦੀ ਚੁੱਪ ਤਿੜਕ ਗਈ...।

oo

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ ਕੈਲਾਸ਼ ਕੌਰ-ਗੁਰਸ਼ਰਨ ਸਿੰਘ ਨੇ ਛਪਵਾਇਆ ਤੇ ਪ੍ਰਕਾਸ਼ਤ ਕੀਤਾ। ਛਪਾਈ ਹਰਮੁੱਖ ਪ੍ਰਿੰਟਰਜ਼, 23-ਮਹਾਂ ਸਿੰਘ ਗੇਟ ਮਾਰਕੀਟ ਅੰਮ੍ਰਿਤਸਰ ਵਿਚ ਹੋਈ। ਪ੍ਰਬੰਧਕੀ ਸਿਰਨਾਵਾਂ : ਗੁਰੂ ਖਾਲਸਾ ਨਿਵਾਸ ਡਾਕਖਾਨਾ ਖਾਲਸਾ ਕਾਲਜ, ਅੰਮ੍ਰਿਤਸਰ-143002 : ਵਾਰਸ਼ਿਕ ਚੰਦਾ 15 ਰੁ: ਵਿਦੇਸ਼ ਹਵਾਈ ਡਾਕ ਰਾਹੀਂ 120 ਰੁ:

## ਦੋ ਕਵਿਤਾਵਾਂ : ਹਰਬੰਸ ਮਾਂਗਟ

ਸਾਡੇ ਵਿਹੜੇ ਬੀਜ ਕੇ ਕੰਡੇ ਹੀ ਕੰਡੇ,
ਮਿਲ ਸ਼ਾਤਰ ਜਰਵਾਣਿਆਂ 'ਰਸਗੁੱਲੇ' ਵੰਡੇ ।
ਉਹਨਾਂ ਨੂੰ ਧਨ-ਦੌਲਤਾਂ, ਕੁਰਸੀ ਦੀ ਗਰਮੀ,
ਸਾਡੇ ਤਾਂ ਨੇ ਹਾਣੀਓਂ ਚੁੱਲ੍ਹੇ ਵੀ ਠੰਢੇ ।
ਇਸ ਨਹੱਕੀ ਜੰਗ 'ਚੋਂ ਕੀ ਮਿਲਣਾ ਸਾਨੂੰ,
ਆਪੋ ਵਿਚ ਰਲ ਹਾਕਮਾਂ ਨੇ ਹਿਸੇ ਵੰਡੇ ।
ਹਾਕਮ ਤੇ ਮਹਿਕੂਮ ਵਿਚ ਹੈ ਵੈਰ ਸਦੀਵੀ,
ਜਦੋਂ ਤੋਂ ਜੰਮੇ ਉਦੋਂ ਤੋਂ ਧੜਿਆਂ ਵਿਚ ਵੰਡੇ ।
ਹਰ ਹਾਲਤ ਹੈ ਹਾਰ ਉਹਨਾਂ ਦੀ ਜਿੱਤ ਅਸਾਡੀ,
ਭਾਵੇਂ ਲੱਖ ਵਖੇਰ ਲੈਣ ਸਾਡੇ ਰਾਹ ਕੰਡੇ ।
ਕਾਲੀ-ਬੋਲੀ ਰਾਤ ਦ ਕੁਝ ਪਲ ਹੀ ਬਾਕੀ,
ਮਾਰੋ ਹੰਭਲਾ ਹਾਣੀਓਂ, ਲੰਘੇ ਕਿ ਲੰਘੇ ।

o

o

ਇਸ ਚਿੜੀਆਂ ਦੇ ਸ਼ਹਿਰ, ਕਹਿਰ ਦੇ ਝੱਖੜ ਝੁੱਲੇ,
ਲੱਖਾਂ ਮਣ ਨਿਰਦੋਸ਼ ਖ਼ੂਨ ਸੜਕਾਂ 'ਤੇ ਡੁੱਲੇ ।
ਬੂਟ, ਸੰਗੀਨਾਂ, ਗੋਲੀਆਂ, ਕੀ ਕੀ ਨਹੀਂ ਵਰ੍ਹਿਆ,
ਮੌਤ ਫੁੰਕਾਰੇ ਮਾਰਦੀ ਅੰਬਰ ਤੱਕ ਡਰਿਆ ।
ਦਹਿਸ਼ਤ ਨੱਚੀ ਰੱਜ ਕੇ, ਮਨ ਆਈਆਂ ਕਰੀਆਂ,
ਚਿੜੀਆਂ ਨੂੰ ਹੀ ਪਤੈ ਕਿਵੇਂ ਸਭ ਤਨ 'ਤੇ ਜਰੀਆਂ ।
ਇਹ ਚਿੜੀਆਂ ਨੇ ਕਿਸੇ ਸਮੇਂ ਸਨ ਜੌਹਰ ਵਿਖਾਏ,
ਰਣ ਤੱਤੇ ਵਿਚ ਨਿਤਰੀਆਂ ਸਨ ਬਾਜ ਦੌੜ ਏ ।
ਕਿਉਂ ਅੱਜ ਬਿਟ-ਬਿਟ ਤਕਦੀਆਂ ਖਾਮੋਸ਼ ਹੀ ਰਹੀਆਂ,
ਤੋਲੇ ਨਾ ਪਰ ਇਹਨਾਂ ਨੇ ਕਿਉਂ ਗੁੰਮ-ਸੁੰਮ ਰਹੀਆਂ ?
ਇਹਨਾਂ ਦੀ ਆਪਣੀ ਫੁੱਟ ਨੇ ਕਮਜ਼ੋਰ ਬਣਾਈਆਂ ।
ਵੈਰੀ ਤਾਹੀਓਂ ਕੀਤੀਆਂ ਅਪਣੇ ਮਨ ਆਈਆਂ ।
ਜੇ ਇਸ ਵਹਿਸ਼ੀ ਬਾਜ ਨੂੰ ਹੈ ਮਾਰ ਭਜਾਉਣਾ
ਚਿੜੀਓ ਬਣਕੇ ਕਾਫਲਾ ਪਊ ਯਤਨ ਜਟਾਉਣਾ ।

o

# ਪਲਸ ਮੰਚ ਦੇ ਇਕ ਲਾਸਾਨੀ ਸਾਹਿਤਕ ਸਮਾਗਮ ਦੀ ਸੰਖੇਪ ਰੀਪੋਰਟ

**ਸੁਰਜੀਤ ਬਰਾੜ**

ਪੰਜਾਬ ਲੋਕ ਸਭਿਆਚਾਰਕ ਮੰਚ ਵੱਲੋਂ 17 ਨਵੰਬਰ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਚ ਇਕ ਸ਼ਾਨਦਾਰ ਪ੍ਰੋਗਰਾਮ ਆਯੋਜਤ ਕੀਤਾ ਗਿਆ । ਇਹ ਪ੍ਰੋਗਰਾਮ ਮੰਚ ਦਾ ਸਲਾਨਾ ਪ੍ਰੋਗਰਾਮ ਸੀ । ਇਸ ਸਮਾਗਮ ਦੀ ਮਹਾਨਤਾ ਇਹ ਸੀ ਕਿ ਇਹ ਸਮਾਗਮ ਪੰਜਾਬੀ ਅਤੇ ਹਿੰਦੀ ਦੀ ਇਨਕਲਾਬੀ ਕਵਿਤਾ ਬਾਰੇ ਸੀ । ਇਸ ਸਮਾਗਮ ਦੇ ਤਿੰਨ ਹਿੱਸੇ ਸਨ । ਪਹਿਲੇ ਹਿੱਸੇ ਵਿਚ ਪ੍ਰਗਤੀਵਾਦੀ ਕਵਿਤਾ ਬਾਰੇ ਦੋ ਪੇਪਰ, ਦੂਜੇ ਦੌਰ ਵਿਚ ਜੁਝਾਰੂ ਕਵੀਆਂ ਵੱਲੋਂ ਨਮੂਨੇ ਦੀਆਂ ਕਵਿਤਾਵਾਂ ਅਤੇ ਤੀਜੇ ਦੌਰ ਵਿਚ ਤਿੰਨ ਐਕਸ਼ਨ ਗੀਤ ਤੇ ਇਕ ਡਰਾਮਾ ਖੇਡਿਆ ਗਿਆ ।

ਸਮਾਗਮ ਦਾ ਪਹਿਲਾ ਦੌਰ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਵੱਲੋਂ ਠੀਕ 10 ਵਜੇ ਐਕਸ਼ਨ ਗੀਤਾਂ ਨਾਲ ਅਰੰਭ ਹੋ ਗਿਆ । ਇਹ ਗੀਤ ਵਿਸ਼ੇਸ਼ ਖਿੱਚ ਪੈਦਾ ਕਰਦੇ ਸਨ । ਗੀਤਾਂ ਤੋਂ ਬਾਅਦ ਗੁਰਸ਼ਰਨ ਸਿੰਘ ਨੇ ਸੁਰਜੀਤ ਹਾਂਸ ਵੱਲੋਂ ਭੇਜਿਆ ਗਿਆ ਪ੍ਰਗਤੀਵਾਦੀ ਕਵਿਤਾ ਤੇ ਪੇਪਰ ਪੜ੍ਹਿਆ । ਇਸ ਪਰਚੇ ਵਿਚ ਹਾਂਸ ਨੇ ਕਿਹਾ ਕਿ ਪ੍ਰਗਤੀਵਾਦੀ ਕਵਿਤਾ ਦੀ ਆਪਣੀ ਜੁਗਤੀ ਹੋਣੀ ਚਾਹੀਦੀ ਹੈ—ਇਸ ਨੂੰ ਆਪਣੇ ਮਾਪ ਦੰਡ ਬਣਾਉਣੇ ਚਾਹੀਦੇ ਹਨ । ਹਾਂਸ ਨੇ ਪ੍ਰਗਤੀਵਾਦੀ ਕਵਿਤਾਵਾਂ ਦੀਆਂ ਕੁਝ ਸ਼ਰਤਾਂ ਵੀ ਤਹਿ ਕੀਤੀਆ ਜਿਵੇਂ ਕਿ ਪਹਿਲੀ ਸ਼ਰਤ ਪ੍ਰਗਤੀਵਾਦੀ ਕਵਿਤਾ ਦੀ ਇਹ ਹੈ ਕਿ ਇਹ ਲੋਕਾਂ ਦੀ ਸਮਝ 'ਚ ਆਵੇ—ਦੂਜੀ ਸ਼ਰਤ ਇਹ ਹੈ ਕਿ ਇਹ ਵਧੇਰੇ ਜ਼ਿੰਮੇਵਾਰ ਹੋਵੇ—ਤੀਜੀ ਸ਼ਰਤ ਇਹ ਹੈ ਕਿ ਇਹ ਕਵਿਤਾ ਭਾਵਕਤਾ ਤੋਂ ਮੁਕਤ ਹੋਵੇ ਸਗੋਂ ਇਕ ਡੂੰਘੀ ਲਾਈਨ ਦਿੰਦੀ ਹੋਵੇ—ਚੌਥੀ ਸ਼ਰਤ ਇਹ ਹੈ ਕਿ ਪ੍ਰਗਤੀਵਾਦੀ ਕਵਿਤਾ ਦਾ ਨਿਸ਼ਾਨਾ ਸਾਫ਼ ਹੋਣਾ ਚਾਹੀਦਾ ਹੈ—ਪੰਜਵੀਂ ਸ਼ਰਤ ਇਹ ਹੈ ਕਿ ਇਹ ਅਮੂਰਤ ਨਾ ਹੋਵੇ, ਸੁਆਲਾਂ ਤੋਂ ਰਹਿਤ ਹੋਵੇ ਅਤੇ ਜਿਸ ਵਿਚ ਪੇਸ਼ ਸਮੱਸਿਆ ਦਾ ਹੱਲ ਦਿੱਤਾ ਹੋਵੇ । ਉਂਝ ਉਹਨਾਂ ਪ੍ਰਗਤੀਵਾਦੀ ਕਵਿਤਾ ਨੂੰ ਵਧੀਆ ਕਵਿਤਾ ਕਿਹਾ । ਹਾਂਸ ਦੇ ਪੇਪਰ ਤੋਂ ਬਾਅਦ ਗੁਰਸ਼ਰਨ ਸਿੰਘ ਨੇ ਅਮਰਜੀਤ ਚੰਦਨ ਵੱਲੋਂ ਭੇਜਿਆ—ਹਮਕਲਮ ਦੋਸਤਾਂ ਨੂੰ ਦਸ ਸਲਾਹਾਂ—ਸਾਹਿਤਕਾਰਾਂ ਨੂੰ ਪੜ੍ਹ ਕੇ ਸੁਣਾਈਆਂ । ਇਹ ਦਸ ਸਲਾਹਾਂ ਸਿਧੀ ਸਾਦੀ ਬੋਲੀ ਵਿੱਚ ਹਨ ਜੋ 'ਸਮਤਾ' ਦੇ ਦਸੰਬਰ ਅੰਕ ਸਫ਼ਾ 30 ਤੇ ਛਪੀਆਂ ਹੋਈਆਂ ਹਨ । ਉਹਨਾਂ ਦੀ ਦਸਵੀਂ ਸਲਾਹ ਇਹ ਹੈ ਕਿ ਭਗਤ ਸਿੰਘ ਨੇ ਕਿਹਾ ਸੀ—ਇਨਕਲਾਬ ਦੀ ਤਲਵਾਰ ਵਿਚਾਰਾਂ ਦੀ ਸਾਣ ਤੇ ਤਿੱਖੀ ਹੁੰਦੀ ਹੈ । ਨਾਨਕ ਦੇਵ ਨੇ ਕਿਹਾ ਸੀ—ਜਬ ਲਗ ਦੁਨੀਆ ਰਹੀਐ—ਨਾਨਕ ਕਿਛੁ ਸੁਣਿਐ, ਕਿਛੁ ਕਹੀਐ—ਇਸ ਰਵਾਇਤ ਦੀ ਜੋਤ ਜਗਦੀ ਰੱਖੋ । ਅਮਰਜੀਤ ਚੰਦਨ ਦੀਆਂ ਸਲਾਹਾਂ ਸੁਣਾਉਣ ਤੋਂ ਬਾਅਦ ਗੁਰਸ਼ਰਨ ਸਿੰਘ ਨੇ ਦੋ ਨਜ਼ਮਾਂ ਰਣਧੀਰ ਸਿੰਘ ਦੀਆਂ

ਸੁਣਾਈਆ। ਇਹ ਕਵਿਤਾਵਾਂ ਪ੍ਰਗਤੀਵਾਦੀ ਵਿਚਾਰਧਾਰਾ ਨਾਲ ਸਬੰਧਤ ਹਨ, ਜਿਨ੍ਹਾਂ ਨੂੰ 1950 ਵਿਚ ਲਿਖਿਆ ਗਿਆ ਸੀ। ਇਹ ਕਵਿਤਾਵਾਂ ਅੱਜ ਵੀ ਬੜੇ ਨਿਗਰ ਅਰਥ ਰੱਖਦੀਆਂ ਹਨ। ਇਹ ਪ੍ਰਗਤੀਵਾਦੀ ਕਵਿਤਾ ਦੀ ਖੂਬੀ ਹੈ। ਇਹ ਦੋਨੋਂ ਕਵਿਤਾਵਾਂ ਦਸੰਬਰ ਸਮਤਾ ਦੇ ਸਫ਼ੇ 3 ਉਪਰ ਅੰਕਤ ਹਨ।

'ਜੁਝਾਰ ਕਵਿਤਾ' ਨਾਲ ਸਬੰਧਤ ਮਸਲੇ' ਇਕ ਪੇਪਰ ਡਾ. ਸਤਿੰਦਰ ਸਿੰਘ ਨੂਰ ਵੱਲੋਂ ਪੜ੍ਹਿਆ ਗਿਆ। ਇਸ ਪਰਚੇ ਵਿਚ ਉਹਨਾਂ ਜੁਝਾਰ ਕਵਿਤਾ ਨੂੰ ਪ੍ਰਗਤੀ-ਵਾਦੀ ਕਵਿਤਾ ਹੀ ਕਿਹਾ। ਇਸ ਪਰਚੇ ਵਿਚ ਉਸਨੇ ਗੁਰੂ ਨਾਨਕ ਦੇਵ ਤੋਂ ਲੈ ਕੇ ਅੱਜ ਤੱਕ ਦੀ ਕਵਿਤਾ ਦਾ ਇਤਿਹਾਸ ਵੀ ਉਲੀਕਿਆ ਹੈ। ਪੇਪਰ ਵਿਚ ਇਸ ਕਿਸਮ ਦੀ ਕਵਿਤਾ ਦੇ ਕੋਈ ਕਮਜ਼ੋਰ ਪੱਖਾਂ ਦਾ ਵੀ ਜ਼ਿਕਰ ਕੀਤਾ ਗਿਆ ਹੈ, ਜਿਵੇਂ ਕੋਈ ਕਵੀ ਪ੍ਰੰਪਰਾ ਤੋਂ ਜਾਣੂ ਨਹੀਂ ਹਨ, ਜਿਸ ਕਰਕੇ ਉਹ ਕਮਜ਼ੋਰ ਕਵਿਤਾ ਰਚਦੇ ਹਨ। ਸਤਿੰਦਰ ਨੂਰ ਤੋਂ ਅਗਲਾ ਪੇਪਰ ਹਿੰਦੀ ਦੀ ਪ੍ਰਗਤੀਵਾਦੀ ਕਵਿਤਾ ਬਾਰੇ ਡਾ. ਚਮਨ ਲਾਲ ਨੇ ਪੜ੍ਹਿਆ। ਇਸ ਪਰਚੇ ਵਿਚ ਗੋਰਖ ਪਾਂਡੇ, ਨਾਗਾ ਰੁਜਨ, ਮੁਕਤੀ ਬੋਧ, ਧੂਮਿਲ, ਕੁਮਾਰ ਵਿਕਲ ਪੰਜ ਕਵੀਆਂ ਦੀ ਸਮੁੱਚੀ ਕਵਿਤਾ ਦਾ ਮੁਲਅੰਕਣ ਕੀਤਾ ਗਿਆ। ਇਹ ਪਰਚਾ ਵੀ ਦਸੰਬਰ ਸਮਤਾ ਦੇ ਸਫ਼ਾ ਨੰਬਰ 7 ਤੇ ਛਪਿਆ ਹੋਇਆ ਹੈ। ਇਹਨਾਂ ਪਰਚਿਆਂ ਤੇ ਤੇਜਵੰਤ ਮਾਨ, ਦਰਸ਼ਨ ਖਟਕੜ ਅਤੇ ਮਨੈਜ਼ਰ ਪਾਡੇ ਨੇ ਬੜੇ ਵਿਸਥਾਰ ਨਾਲ ਆਪਣੇ ਵਿਚਾਰ ਵਿਅਕਤ ਕੀਤੇ ਅਤੇ ਬਹੁਤ ਸਾਰੇ ਨਵੇਂ ਨੁਕਤੇ ਉਠਾਏ। ਪ੍ਰਗਤੀਵਾਦੀ ਕਵਿਤਾ ਬਾਰੇ ਬਹਿਸ ਅੱਗੇ ਤੋਰਨ ਲਈ ਲੇਖਕਾਂ ਤੇ ਪਾਠਕਾਂ ਨੂੰ ਗੁਰਸ਼ਰਨ ਸਿੰਘ ਨੇ ਸਮਤਾ 'ਚ ਆਪਣੇ ਵਿਚਾਰ ਭੇਜਣ ਲਈ ਸੱਦਾ ਦਿੱਤਾ। ਇਸ ਦੌਰ ਦੇ ਸਟੇਜ ਸਕੱਤਰ ਗੁਰਸ਼ਰਨ ਸਿੰਘ ਸਨ।

ਦੂਜੇ ਦੌਰ ਵਿਚ ਇਕ ਛੋਟਾ ਜਿਹਾ ਕਵੀ ਦਰਬਾਰ ਕੀਤਾ ਗਿਆ। ਜਿਸ ਵਿਚ ਦਰਸ਼ਨ ਖਟਕੜ, ਹਰਭਜਨ ਹੁੰਦਲ, ਸੁਰਜੀਤ ਬਰਾੜ, ਅਜਮੇਰ ਗਿੱਲ, ਧਰਮ ਪਾਲ ਉਪਾਸ਼ਕ, ਪ੍ਰੋ. ਹਮਦਰਦਵੀਰ ਨੌਸ਼ਹਿਰਵੀ, ਭੁਪਿੰਦਰ ਦਰਦੀ, ਮੇਜਰ ਪਿਆਰਾ ਸਿੰਘ ਅਤੇ ਜੈ ਦੇਵ ਦਿਲਬਰ ਨੇ ਹਿੱਸਾ ਲਿਆ ਤੇ ਆਪਣੀਆਂ ਪ੍ਰਤੀਨਿਧ ਨਜ਼ਮਾਂ ਸੁਣਾ-ਈਆਂ। ਇਨ੍ਹਾਂ ਕਵੀਆਂ ਦੀਆਂ ਬਹੁਤੀਆਂ ਰਚਨਾਵਾਂ ਅੱਜ ਦੇ ਗੰਧਲੇ ਅਤੇ ਫ਼ਿਰਕੂ ਮਹੌਲ ਨੂੰ ਖੁਸ਼ਗਵਾਰ ਬਣਾ-ਉਣ ਹਿਤ ਸਨ। ਕਵੀ ਦਰਬਾਰ ਦੇ ਅੰਤ ਤੇ ਮਸ਼ਹੂਰ ਇਨਕਲਾਬੀ ਕਵੀ ਗੋਰਖ ਪਾਂਡੇ ਨੇ ਆਪਣੀਆਂ ਤਿੰਨ ਇਨਕਲਾਬੀ ਕਵਿਤਾਵਾਂ ਸੁਣਾਈਆਂ। ਉਸਨੇ ਆਪਣਾ ਮਸ਼ਹੂਰ ਗੀਤ—ਸਮਾਜਵਾਦ ਬਬੂਆ ਰੇ ਧੀਰੇ ਧੀਰੇ ਆਏ—ਗੀਤ ਸੁਣਾਇਆ। ਕਵੀ ਦਰਬਾਰ ਲਗਭਗ ਇਕ ਘੰਟਾ ਚਲਿਆ। ਇਸ ਸਮਾਗਮ ਦੀ ਸਟੇਜ ਸੁਰਜੀਤ ਸਿੰਘ ਬਰਾੜ ਕੋਲ ਸੀ।

ਸਮਾਗਮ ਦੇ ਤੀਜੇ ਦੌਰ ਵਿਚ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਵੱਲੋਂ ਜੈ ਦੇਵ ਦਿਲਬਰ ਦਾ ਲਿਖਿਆ ਗੀਤ—ਆਓ ਫਿਰ ਦੁਹਰਾਈਏ, ਸੋਹੇ ਜੂਝਣ ਕਾ ਚਾਉ ਹੈ—ਪੇਸ਼ ਕੀਤਾ ਗਿਆ। ਇਹ ਐਕਸ਼ਨ ਗੀਤ ਸੁਣ ਕੇ ਸਾਰਾ ਪੰਡਾਲ ਭਾਵੁਕ ਤੇ ਰੋਹਮਈ ਹੋ ਗਿਆ ਸੀ। ਦੂਜਾ ਗੀਤ ਪੰਜਾਬ ਨਾਟਕ ਕਲਾ ਕੇਂਦਰ ਵੱਲੋਂ ਪੇਸ਼ ਕੀਤਾ ਗਿਆ। ਗੀਤ ਤੋਂ ਬਾਅਦ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਵੱਲੋਂ 'ਕੇਹਰੂ ਦਸ ਨੰਬਰੀਆ' ਇੱਕ ਇਕਾਂਗੀ ਪੇਸ਼ ਕੀਤਾ ਗਿਆ। ਇਸ ਇਕਾਂਗੀ ਦਾ ਵਿਸ਼ਾ ਅੱਜ ਦੇ ਫਿਰਕੂ ਮਹੌਲ ਤੇ ਕਰਾਰੀ ਚੋਟ ਹੈ। ਅਦਾਕਾਰੀ ਪੱਖੋਂ ਵੀ ਇਕਾਂਗੀ ਸਫਲ ਰਿਹਾ। ਕੇਹਰੂ ਦਾ ਰੋਲ ਨਿਭਾਉਣ ਵਾਲੇ ਪਾਤਰ ਨੇ ਦਰਸ਼ਕਾਂ ਤੇ ਬਹੁਤ ਡੂੰਘਾ ਪ੍ਰਭਾਵ ਪਾਇਆ। ਇਹ ਪਾਤਰ ਨਾਟਕ ਦੀ ਜਿੰਦ ਜਾਨ ਸੀ। ਇਕਾਂਗੀ ਵਿਚਲੀਆਂ ਨਾਇਕਾਵਾਂ ਦਾ ਸਟੇਜੀ ਤਜਰਬਾ ਐਨਾ ਨਹੀਂ ਲਗਦਾ ਸੀ ਪਰ ਫਿਰ ਵੀ ਉਹਨਾਂ ਦੀ ਬੋਲ ਚਾਲ ਤੇ ਕਾਰਜ ਤਕਰੀਬਨ ਠੀਕ ਰਿਹਾ। ਸਟੇਜ ਨੂੰ ਯਥਾ-ਰਥਕ ਬਣਾਉਣ ਲਈ ਜ਼ਰੂਰੀ ਹੈ ਕਿ ਪਾਤਰ ਯਥਾਰਥਕ ਰੰਗਣਾ ਵਿਚ ਰੰਗੇ ਹੋਣ। ਉਨ੍ਹਾਂ ਵਿਚ ਬਨਾਵਟੀਪਣ ਨਹੀਂ ਹੋਣਾ ਚਾਹੀਦਾ। ਇਹ ਡਰਾਮਾ ਸ਼ਹਿਰੀ ਸਟੇਜਾਂ ਦਾ ਸਿੰਗਾਰ ਬਣ ਸਕਦਾ ਹੈ, ਪਰ ਪੇਂਡੂ ਸਟੇਜਾਂ ਤੇ ਇਹ ਡਰਾਮਾ ਸਫ਼ਲ ਨਹੀਂ ਹੋ ਸਕੇਗਾ। ਅੰਤ ਤੇ—ਐ ਲਾਲ ਫਰੇਰੇ ਤੇਰੀ ਕਸਮ ਇਸ ਖੂਨ ਕਾ ਬਦਲਾ ਹਮ ਲੇਂਗੇ—ਜਗਮੋਹਣ ਜੋਸ਼ੀ ਦਾ ਐਕਸ਼ਨ ਗੀਤ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਵੱਲੋਂ ਬੜੇ ਜੋਸ਼ੀਲੇ ਢੰਗ ਨਾਲ ਪੇਸ਼ ਕੀਤਾ ਗਿਆ। ਇਸ ਤੀਜੇ ਦੌਰ ਦਾ ਸਟੇਜ ਸਕੱਤਰ ਸਬਜਿੰਦਰ ਕੇਦਾਰ ਸੀ। ਪਹਿਲਾ ਸਮਾਗਮ ਸਵੇਰੇ ਦਸ ਵਜੇ ਸ਼ੁਰੂ ਹੋਇਆ ਜੋ ਬਗੈਰ ਬਰੇਕ ਦੇ ਸ਼ਾਮ ਦੇ ਪੰਜ ਵਜੇ ਤੱਕ ਚਲਦਾ ਰਿਹਾ। ਇਸ ਸਾਹਿਤਕ ਸਮਾਗਮ ਦੀ ਸਭ ਤੋਂ ਵੱਡੀ ਖੂਬੀ ਇਹ ਸੀ ਕਿ ਜਿਥੇ ਸਾਹਿਤਕਾਰਾਂ ਨੇ ਮਨੋਰੰਜਨ ਅਤੇ ਅਨੰਦ ਮਾਣਿਆ ਉਥੇ ਵਿਚਾਰਧਾਰਕ ਤੌਰ ਤੇ ਕੁਝ ਹਾਸਲ ਵੀ ਕੀਤਾ।

"ਪਹੁੰਚੇ ਹਾਂ ਕਿਸ ਮੁਕਾਮ" ਤੋਂ ਬਾਅਦ ਸਿਆਹ ਦੌਰ ਦੀ ਸ਼ਾਇਰੀ ਦਾ ਇਕ ਹੋਰ ਮੁਹਾਂਦਰਾ

ਕਵਿਤਾ ਪੰਜਾਬ—ਸੰਪਾਦਕ : **ਪ੍ਰਮਿੰਦਰਜੀਤ**

ਪੂਰੀ ਦੀ ਪੂਰੀ ਪੀੜ੍ਹੀ ਇਕੋ ਮੰਚ ਤੇ—ਮੁੱਲ : 5 ਰੁਪਏ

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ, ਅਮ੍ਰਿਤਸਰ

ਪਲਸ ਮੰਚ ਦੇ ਸਾਹਿਤਕ ਸਮਾਗਮ ਤੇ ਪੜ੍ਹਿਆ ਗਿਆ ਇਕ ਪਰਚਾ

# ਪ੍ਰਗਤੀਵਾਦੀ ਕਵਿਤਾ ਦੀ ਜੁਗਤ

ਸੁਰਜੀਤ ਹਾਂਸ

ਇਹ ਪਲਸ ਮੰਚ ਦੀ ਪ੍ਰਾਪਤੀ ਹੈ ਕਿ ਅਸੀਂ ਪ੍ਰਗਤੀਵਾਦੀ ਕਵਿਤਾ 'ਤੇ ਬਹਿਸ ਕਰ ਰਹੇ ਹਾਂ। ਇਹਦਾ ਮਤਲਬ ਇਹ ਵੀ ਹੈ ਕਿ ਪੰਜਾਬੀ ਸਾਹਿਤ ਵਿਚ ਸਭ ਤੋਂ ਬਲਵਾਨ, ਸੰਜੀਵ ਅਤੇ ਕਾਬਲਿ-ਬਹਿਸ ਸਾਹਿਤ ਰੂਪ ਕਵਿਤਾ ਹੈ, ਜਿਵੇਂ 1930-ਆਂ 'ਚ ਮੈਕਸੀਕੋ ਦੀ ਕਮਿਊਨਿਸਟ ਪਾਰਟੀ ਦੇ ਪੋਲਿਟ-ਬਿਊਰੋ ਦੇ ਦੋ ਮੈਂਬਰ ਚਿਤ੍ਰਕਾਰ ਹੁੰਦੇ ਸਨ, ਜਿਹਨਾਂ ਵਿਚੋਂ ਰਵੀਅਰਾ ਜਗਤ ਪ੍ਰਸਿੱਧ ਹੈ, ਤਾਂ ਉੱਥੇ ਵਧੇਰੇ ਬਹਿਸ ਚਿੱਤ੍ਰਕਾਰ ਵਿਚ ਪ੍ਰਗਤੀਵਾਦ ਦੀ ਹੁੰਦੀ ਸੀ ਅਤੇ ਚਿਤ੍ਰਾਂ ਨੂੰ ਅਨਪੜ੍ਹ ਲੋਕਾਂ ਵਿਚ ਸਿਆਸੀ ਸੂਝ ਪੈਦਾ ਕਰਨ ਦਾ ਉੱਤਮ ਸਾਧਨ ਸਮਝਿਆ ਜਾਂਦਾ ਸੀ। 'ਬੇਸੁਰਾ ਮੌਸਮ' ਪਲਸ ਮੰਚ ਦੀ ਪ੍ਰਾਪਤੀ ਹੈ ਜਿਹੜੀ ਪੰਜਾਬ ਦੀ ਅਜੋਕੀ ਸਥਿਤੀ ਨੂੰ ਕਾਲਪਨਿਕ ਤਰੀਕੇ ਨਾਲ ਸਮਝਣ, ਕਾਵਿਕ ਸੰਚਾਰ ਰਾਹੀਂ ਲੋਕ-ਮਨ ਨੂੰ ਬਦਲਣ ਦੀ ਕੋਸ਼ਿਸ਼ ਹੈ, ਜਿਸ 'ਤੇ ਸਾਰੇ ਲਖਾਰੀਆਂ ਅਤੇ ਪੰਜਾਬ ਨੂੰ ਮਾਣ ਹੈ

ਪ੍ਰਗਤੀਵਾਦੀ ਕਵਿਤਾ ਦਾ ਮਤਲਬ ਹੈ ਕਿ (1) ਇਹ ਲੋਕਾਂ ਨੂੰ ਸਮਝ ਆਉਂਦੀ ਹੋਵੇ (2) ਇਹ ਲੋਕਾਂ ਦੇ ਹਿੱਤ ਵਿਚ ਹੋਵੇ ਅਰਥਾਤ ਇਹ ਮਨੁਖੀ ਅਨੁਭਵ ਦਾ ਅਜਿਹਾ ਕਾਲਪਨਿਕ ਵਿਸਲੇਸ਼ਨ ਕਰੇ ਜਿਸ ਨਾਲ ਮਨੁੱਖ ਆਪਣੇ ਆਪ ਨੂੰ ਅਤੇ ਆਪਣੇ ਸਮਾਜ ਨੂੰ ਬਦਲਣ ਲਈ ਜੂਝਣ ਲੱਗ ਜਾਂਵ। ਬੁਰਜਵਾ ਕਲਾਕਾਰ ਨੇ 'ਨਿੱਜੀ' ਅਨੁਭਵ ਨੂੰ ਉਲੀਕਣਾ ਹੈ ਅਤੇ ਬੱਸ। ਪ੍ਰਗਤੀਵਾਦੀ ਕਵਿਤਾ ਬੁਰਜਵਾ ਰਚਨਾ ਨਾਲੋਂ ਜ਼ਿਆਦਾ ਜ਼ਿੰਮੇਵਾਰ ਅਤੇ ਬਿਖੜੀ ਹੈ। ਬੁਰਜਵਾ ਕਲਾਕਾਰਾਂ ਦੀ ਸ਼ੈਲੀ ਦੇ ਇਨਕਲਾਬ ਦਰ ਅਸਲ ਉਹਦੀ ਸੁਗਮ ਜ਼ਿੰਮੇਦਾਰੀ ਦੇ ਪ੍ਰਣਾਮ ਹਨ। ਇਨਕਲਾਬੀ ਕਲਾ ਦੀ ਸ਼ੈਲੀ ਦੀ ਮੰਦ-ਗਤੀ ਉਹਦੀ ਭਾਰੂ ਜ਼ਿੰਮੇਦਾਰੀ ਕਾਰਨ ਹੈ।

ਸਭ ਤੋਂ ਔਖੀ ਗੱਲ ਇਹ ਹੈ ਕਿ ਇੰਕਲਾਬੀ ਕਲਾ ਸਮੇਂ ਨਾਲ ਇੰਝ ਬਦਲਦੀ ਰਹਿੰਦੀ ਹੈ ਕਿ ਇਹਦੇ ਵਿਚ ਪਰੰਪਰਾ ਦੀ ਨਕਲ ਦੀ ਗੁੰਜਾਇਸ਼ ਬੜੀ ਘੱਟ ਹੈ।

ਕਾਕੋਰੀ ਕੇਸ ਦੇ ਸ਼ਹੀਦ ਰਾਮ ਪ੍ਰਸਾਦ ਬਿਸਮਲ ਦੀ ਨਜ਼ਮ-ਨੁਮਾ ਗ਼ਜ਼ਲ 'ਸਰ ਫਰੋਸ਼ੀ ਕੀ ਤਮੰਨਾ' ਸੁਪ੍ਰਸਿੱਧ, ਲੋਕ-ਪ੍ਰਿਯ ਅਤੇ ਰਾਸ਼ਟ੍ਰਵਾਦੀ ਰਚਨਾ ਹੈ।

ਸਰ ਫਰੋਸ਼ੀ ਕੀ ਤਮੰਨਾ ਅਬ ਹਮਾਰੇ ਦਿਲ ਮੇਂ ਹੈ।
ਦੇਖਨਾ ਹੈ ਜ਼ੋਰ ਕਿਤਨਾ ਬਾਜ਼ੂਇ ਕਾਤਿਲ ਮੇਂ ਹੈ।
ਰਹਰੋ ਰਾਹ-ਇ ਮੁਹੱਬਤ ਰਹਿ ਨ ਜਾਨਾ, ਰਾਹ ਮੇਂ।
ਲੱਜ਼ਤ-ਇ ਸਹਰਾ-ਨਵਰਦੀ ਦੂਰੀ-ਇ ਮੰਜ਼ਲ ਮੇਂ ਹੈ
ਵਕਤ ਆਨੇ ਦੇ ਬਤਾ ਦੇਂਗੇ ਤੁਝੇ ਐ ਆਸਮਾਂ
ਹਮ ਅਭੀ ਸੇ ਕਿਆ ਬਤਾ ਦੇਂ ਕਿਆ ਹਮਾਰੇ ਦਿਲ ਮੇਂ ਹੈ
ਐ ਸ਼ਹੀਦਇ ਮੁਲਕ ਓ ਮਿੱਲਤ ਤੇਰੇ ਜਜ਼ਬੋਂ ਪੇ ਨਿਸਾਰ
ਤੇਰੀ ਕੁਰਬਾਨੀ ਕਾ ਚਰਚਾ ਗ਼ੈਰ ਕੀ ਮਹਿਫਲ ਮੇਂ ਹੈ।
ਅਬ ਨ ਅਗਲੇ ਵਲਵਲੇ ਹੈਂ ਔਰ ਨ ਅਰਮਾਨੋਂ ਕੀ ਭੀੜ
ਏਕ ਮਿਟ ਜਾਨੇ ਕੀ ਹਸਰਤ ਅਬ ਹਮਾਰੇ ਦਿਲ ਮੇਂ ਹੈ॥

ਇਹ ਗਜ਼ਲ ਅੱਜ ਕਾਫੀ ਨਹੀਂ। ਸਾਡੇ ਰਾਸ਼ਟਰ-ਵਾਦ ਦਾ ਅਧਾਰ ਆਡੰਬਰਿਕ ਭਾਵੁਕਤਾ ਸੀ ਜਿਹੜੀ ਛੇਤੀ ਹੀ ਧਰਮੀ ਹੋਣ ਦੀ ਲਾਲਸਾ 'ਚ ਬਦਲ ਜਾਂਦੀ ਸੀ। ਇੱਸੇ ਕਰਕੇ ਰਾਸ਼ਟ੍ਰਵਾਦ ਅਤੇ ਧਾਰਮਿਕ ਫਿਰਕਾ-ਪ੍ਰਸਤੀ ਨੇ ਨਾਲੋ ਨਾਲ ਵਿਕਾਸ ਕੀਤਾ ਹੈ। ਇਹਦੀ ਝਲਕ ਬਿਸਮਲ ਦੇ 'ਮੁਲਕ ਉ ਮਿੱਲਤ' ਵਿਚ ਮਿਲ ਜਾਂਦੀ ਹੈ ਕਿਉਂਕਿ ਹਿੰਦੂ ਮਤ 'ਮਿੱਲਤ' ਦੇ ਵਕਲਪ ਤੋਂ ਬ੍ਰਹਮ ਵਿਦਿਅਕ ਤੌਰ ਤੇ ਅਣਜਾਣ ਹੈ। 'ਕਿਆ ਬਤਾਏਂ ਕਿਆ ਹਮਾਰੇ ਦਿਲ ਮੇਂ ਹੈ' ਵਿਚ ਰਾਸ਼ਟ੍ਰਵਾਦੀ ਚੇਤਨਾ ਦੀ ਅਣਹੋਂਦ ਦੀ ਗਵਾਹੀ ਹੈ, ਜਿਸ ਨੂੰ ਪੈਦਾ ਕਰਨ ਦੀ ਕਿਸੇ ਕੋਸ਼ਿਸ਼ ਨਹੀਂ ਕੀਤੀ ਸੀ। 'ਬਾਜ਼ੂ-ਇ ਕਾਤਿਲ' ਸਾਰਾ ਨਵਰਦੀ, 'ਕਿਆ ਬਤਾਏਂ' ਵਿਚ ਭਾਵੁਕਤਾ ਹੈ, ਚੇਤਨਾ ਨਹੀਂ। 'ਮਿਟ ਜਾਨੇ ਕੀ ਹਸਰਤ, ਤੇਰੀ ਕੁਰਬਾਨੀ ਕਾ ਚਰਚਾ' ਵਿਚ ਸੂਫੀ ਥੀਏਟਰਵਾਦ (theatricality) ਅਤੇ ਦਰਦ ਦਾ ਫੈਂਤਾਸ ਹੈ। ਸਰੋਤਿਆਂ ਨੂੰ ਇਹ ਜਾਣਕੇ ਰਤਾ ਹੈਰਾਨੀ ਹੋਵੇਗੀ ਕਿ ਕਾਕੋਰੀ ਕੇਸ ਦੇ ਮੁਲਜ਼ਮ ਬਿਸਮਲ ਦੀਆਂ ਨਜ਼ਮਾਂ ਗਾਉਂਦੇ ਸੁਣਦੇ ਰੋਂਦੇ ਹੁੰਦੇ ਸਨ। ਉਹ ਮੌਤ ਦੇ ਡਰ ਤੋਂ ਨਹੀਂ ਸਗੋਂ ਸ਼ਹੀਦੀ ਦੀ ਭਾਵੁਕਤਾ ਕਾਰਨ। 'ਅਬ ਨ ਅਗਲੇ ਵਲਵਲੇ ਹੈਂ ਔਰ ਨ ਅਰਮਾਨੋ ਕੀ ਭੀੜ' ਵਿਚ ਭਾਵੁਕ ਤੌਰ ਤੇ ਅੰਬ੍ਹੇ (exhausted) ਹੋਣ ਦੀ ਝਲਕ ਪੈਂਦੀ ਹੈ।

ਸਾਨੂੰ ਭਾਵ ਦੀ ਲੋੜ ਹੈ, ਐਸਾ ਭਾਂਵੇਂ ਜਿਹੜਾ ਚੇਤਨਾ ਨੂੰ ਉਘਾੜ ਸਕੇ, ਨਾ ਕਿ ਅਜਿਹੀ ਭਾਵੁਕਤਾ ਜਿਹੜੀ ਚੇਤਨਾ ਨੂੰ ਹੋਰ ਵੀ ਦੱਬ ਲਏ। ਦੂਸਰੇ ਚੇਤਨਾ ਦੀ ਕਵਿਤਾ ਦਾ ਸੱਭ ਤੋਂ ਵੱਡਾ ਦੁਸ਼ਮਣ ਪ੍ਰਕ੍ਰਿਤੀਵਾਦ (naturism) ਹੈ। ਅਸੀਂ 'ਲਾਲ ਹਨੇਰੀ' ਨੂੰ ਸਮਾਜ-ਵਾਦ ਕਹਿੰਦੇ ਹਾਂ; ਰਣਜੀਤ ਸਿੰਘ 'ਸਭ ਲਾਲੋ ਲਾਲ' ਤੋਂ ਅੰਗਰੇਜ਼ੀ ਰਾਜ ਦਾ ਮਤਲਬ, ਲੈਂਦਾ ਸੀ। ਭੂਚਾਲ

ਜ਼ਰੂਰੀ ਨਹੀਂ 'ਇਨਕਲਾਬੀ' ਹੋਵੇ। ਕੋਈ ਰੂਸੀ-ਚੀਨੀ ਦੁਸ਼ਮਣੀ ਨੂੰ ਕਮਿਊਨਿਸਟ ਜਗਤ ਦਾ ਭੂਚਾਲ ਰਹਿ ਸਕਦਾ ਹੈ। ਸਮਝਣ ਦੀ ਗੱਲ ਹੈ ਕਿ ਸਿਆਸਤ ਪ੍ਰਕਿਰ-ਤਕ ਨਹੀਂ, ਸਗੋਂ ਸਮਾਜਕ ਹੈ। ਇਨਕਲਾਬ ਪ੍ਰਕ੍ਰਿਤੀ ਦਾ ਅੰਗ ਨਹੀਂ ਸਗੋਂ ਮਨੁੱਖੀ ਸੰਕਰਮ ਦਾ ਪ੍ਰਣਾਮ ਹੈ। ਪ੍ਰਕਿਰਤੀ ਦੁਹਰਾ ਪਾਉਂਦੀ ਰਹਿੰਦੀ ਹੈ ਜਿਵੇਂ ਹਰ ਸਾਲ ਹਨੇਰੀ ਮੀਂਹ ਝੱਖੜ ਆਉਂਦੇ ਹਨ। ਕੇਵਲ ਸਮਾਜਿਕ ਪ੍ਰਵਰਤਨ ਅਤੇ ਮਨੁੱਖੀ ਸਭਾਵ 'ਚ ਦੁਹਰਾ ਨਹੀਂ। ਇਸ ਕਰਕੇ ਸਾਡੀ ਕਵਿਤਾ ਦੇ ਸ਼ਬਦਾਵਲੀ,ਅਲੰਕਾਰ,ਮੁਹਾਵਰਾ ਸਮਾਜਿਕ ਹੋਣੇ ਚਾਹੀਦੇ ਹਨ। ਹੋਰ ਤਾਂ ਹੋਰ ਪ੍ਰਕਿਰਤੀ-ਵਾਦ ਸਾਡੀ ਪਰੰਪਰਾ ਦਾ ਅੰਗ ਵੀ ਨਹੀਂ; ਬਾਬੇ ਨਾਨਕ ਅਤੇ ਵਾਰਿਸ ਸ਼ਾਹ 'ਚ ਅਜਿਹੀ ਕੋਈ ਚੀਜ਼ ਨਹੀਂ ਮਿਲਦੀ। ਪ੍ਰਕਿਰਤੀਵਾਦ 18ਵੀਂ-19ਵੀਂ ਸਦੀ ਦੇ ਰੁਮਾਨੀਆਂ (romantics) ਦੀ ਕਾਢ ਹੈ। ਪ੍ਰਕਿਰਤੀ-ਵਾਦ ਦੇ ਆਪ-ਹੁਦਰੇ ਚਿੰਨ੍ਹਾਂ ਦਾ ਸਮਾਜਿਕ ਅਰਥ ਹੈ ਕਿ ਪੁੰਗਰਦਾ ਬੁਰਜਵਾ ਵਿਅਕਤੀ ਕੇਵਲ ਆਪਣੇ ਨਿੱਜ 'ਤੇ ਨਿਰਭਰ ਹੈ ਅਤੇ ਪ੍ਰਕਿਰਤੀਵਾਦ ਨਿੱਜਵਾਦ (individualism) ਦਾ ਪ੍ਰਤੀਰੂਪ ਹੈ।

ਆਉਂਦੀ ਕਵਿਤਾ ਦੇ ਪ੍ਰਕਿਰਤੀਵਾਦ ਤੋਂ ਸਰੋਤੇ ਅਨੁਮਾਨ ਲਾਉਣ ਦੀ ਕੋਸ਼ਿਸ਼ ਕਰਨ ਕਿ ਕੀ ਇਹ ਪ੍ਰਗਤੀਵਾਦੀ, ਜੁਝਾਰ ਜਾਂ ਪ੍ਰਤੀਗਾਮੀ ਰਚਨਾ ਹੈ।

Fly, my lamenting word ! Soar like
the swallows !
To the gallows go eleven of my peers
By the hospital the double gallow rears
For my fellows everyone.
Now the hangmans work is done
And through the misty night with
snow-flake stares agleam
A *stream* of unknown witnesses
takes flight.
Mild in the midnight melts the frost
*Weeping consoling* tears,
For of the eleven seven,
By throttling rope profaned,
With then last breath sustained the
creed of then Communion:
Long live the Communists ! Long live
the Soviet Union !
It was December. No one stayed to pray.
Stalin's day still reigned.

ਸਰੋਤਿਆਂ ਦਾ ਕੀ ਅਨੁਮਾਨ ਹੈ ?

ਮੈਨੂੰ ਆਪ ਨਹੀਂ ਪਤਾ ਇਹ ਨਜ਼ਮ ਪ੍ਰਗਤੀਵਾਦੀ, ਜੁਝਾਰ ਜਾਂ ਪ੍ਰਤੀਗਾਮੀ ਹੈ। ਮੈਂ ਇੰਨਾ ਹੀ ਦੱਸ ਸਕਦਾ ਹਾਂ ਕਿ ਇਹ ਲਾਡੀਸਲਾਵ ਪਲੁਹਾਰ ਦੀ ਪੈਨਰਚ ਜੇਲ੍ਹ (ਚੈਕੋਸਲਾਵਾਕੀਆ) 'ਚ ਲਿਖੀ ਨਜ਼ਮ ਹੈ, ਜਿਹੜਾ ਕਮਿਊਨਿਸਟ ਪਾਰਟੀ ਦੇ ਸਕੱਤਰ ਰੂਤਲਾ ਸਲਾਸਕੀ ਦਾ ਹਮਕੈਦੀ ਸੀ, ਜਿਸਨੂੰ ਝੂਠੇ ਮੁਕੱਦਮੇ ਵਿਚ ਫਾਂਸੀ ਲੱਗੀ ਸੀ। ਮੇਰੇ ਅਨੁਸਾਰ ਰਾਜਨੀਤੀ ਦੀ ਕਸਵੱਟੀ ਤੋਂ ਇਸ ਨਜ਼ਮ ਦੇ ਪ੍ਰਗਤੀਵਾਦ ਜਾਂ ਪ੍ਰਤੀਕਾਰਮਿਕਤਾ ਦਾ ਅੰਦਾਜ਼ਾ ਬੇਲੋੜਾ ਹੈ। ਇਹ ਕਵਿਤਾ ਕੋਈ ਵੀ ਬੇ-ਗੁਨਾਹ ਬੁਰਜਵਾ, ਕਮਿਊਨਿਸਟ ਅਤੇ ਉਤਰ-ਕਮਿਊ-ਨਿਸਟ ਲਿਖ ਸਕਦਾ ਹੈ। ਇਹਦਾ ਪ੍ਰਕਿਰਤੀਵਾਦੀ ਮੁਹਾਵਰਾ ਜਿਥੇ ਬੁਰਜਵਾ ਲਈ ਤਾਂ ਕਾਫੀ ਹੈ, ਉਥੇ ਇਹੀ ਮੁਹਾਵਰਾ ਕਮਿਊਨਿਸਟਾਂ ਲਈ ਉਣਾ ਅਤੇ ਨਾਕਾਫੀ ਹੈ, ਕਿਉਂਕਿ ਇਹਦੇ ਵਿਚ 'ਬੇਗੁਨਾਹੀ ਫਾਂਸੀ' ਦਾ ਸਮਾਜਿਕ ਸਿਆਸੀ ਵਿਸ਼ਲੇਸ਼ਣ ਨਹੀਂ ਹੈ। ਇਹ ਕਵਿਤਾ 'ਸਰਫਰੋਸ਼ੀ ਕੀ ਤਮੰਨਾ' ਦੇ ਸਮਾਨੰਤਰ ਹੈ।

ਕਿਤਾਬ ਵਿਚ ਭਾਵੁਕ ਵਰਣਨ ਦਾ ਅੰਸ਼ ਭਾਰੂ ਹੈ। ਵਰਣਨ ਨੂੰ ਇਕੋ ਇਕ ਜੋੜਨ ਵਾਲੀ ਚੀਜ਼ ਭਾਵ ਹੈ ਜਿਹੜਾ ਕਿ ਪ੍ਰਗਤੀਵਾਦੀ ਕਵਿਤਾ ਲਈ ਕਾਫੀ ਨਹੀਂ। ਅਸੀਂ ਭਾਵ ਦੇ ਵਿਸ਼ਲੇਸ਼ਣ ਨਾਲ ਅਜਿਹੇ ਸੰਕਰਮੀ ਸਿੱਟੇ ਕੱਢਣੇ ਹਨ ਜਿਹੜੇ ਕਾਵਿਕ ਜੁਗਤ ਕਾਰਨ ਸੁਤੇ-ਸਿਧ ਪ੍ਰਤੀਤ ਹੋਣ। ਆਉਂਦੀ ਕਵਿਤਾ ਮੇਰੇ ਮਿਤਰ ਹਰਭਜਨ ਹਲਵਾਰਵੀ ਦੀ ਹੈ ਜਿਹੜਾ ਅਲੋਚਕਾਂ ਨੂੰ ਸਹਿਣ ਦੇ ਸਮਰਥ ਹੈ, ਕਿਉਂਕਿ ਉਹਦੀ ਅਕਾਂਖਿਆ ਸਚਮੁਚ ਦੀ ਮਜ਼ਦੂਰ ਕਿਸਾਨ ਕਵਿਤਾ ਲਿਖਣ ਦੀ ਹੈ ਨਾ ਕਿ ਮਾੜੀ ਮੋਟੀ ਬੱਲੇ ਬੱਲੇ 'ਤੇ ਸਬਰ ਕਰਕੇ ਬਹਿ ਜਾਣ ਦੀ।

ਗਲੀਆਂ ਵਿਚ ਉਡਦੇ ਪ੍ਰਸ਼ਨ
ਇਹ ਅਲੀ ਬਾਬਾ ਤੇ ਚਾਲੀ ਚੋਰ ਕੌਣ ਸਨ ?
ਭਰੇ ਦਰਬਾਰ ਵਿਚ
ਭਲਾ ਕਿਸੇ ਨੇ ਵੀ
ਰਾਣੀ ਨੂੰ ਅੱਗਾ ਢੱਕਣ ਲਈ ਨਹੀਂ ਕਿਹਾ ?
ਕੰਧਾਂ ਤੇ ਲੱਗੇ ਸੂਹੇ ਅੱਖਰਾਂ ਦੇ ਇਸ਼ਤਿਹਾਰ
ਦਿਲ ਦੇ ਲਹੂ ਵਿਚ ਕਦ ਰਚਣਗੇ ?
ਕਰਾਮਾਤ ਦੇ ਦੇਸ ਵਿਚ
ਇਕ ਵੀ ਕਰਾਮਾਤ ਨਹੀਂ ਹੁੰਦੀ ?
ਨਾ ਕੋਈ ਕੁੱਜੇ ਵਿਚ ਹਾਥੀ ਪਾਉਂਦਾ ਹੈ
ਤੇ ਨਾ ਕੋਈ ਤਲੀ 'ਤੇ ਸਰ੍ਹੋਂ ਜਮਾਉਂਦਾ ਹੈ।
ਇਹ ਸਾਂਝੀਵਾਲਤਾ ਦਾ ਸੂਹਾ ਫੁੱਲ
ਕਿਸ ਮਿੱਟੀ 'ਚੋਂ ਖਿੜਦਾ
ਤੇ ਕਿਹੜੀ ਰੁੱਤੇ ਮਹਿਕਦਾ ਹੈ ?

ਭਲਾ ਸੋਨੇ ਦੀ ਚਿੜੀ
ਕਿਹੜੇ ਭਾਰਤੀ ਟਾਪੂ ਦਾ ਨਾਮ ਸੀ ?
ਇਹ ਫਫੇਕੁਟਣੀ ਦੀ ਕਥਾ ਕਦੋਂ ਮੁੱਕੇਗੀ ?
ਜੇ ਭਾਰਤ ਵਿਚ ਛੱਤੀ ਕਰੋੜ ਦੇਵਤੇ ਸਨ
ਤਾਂ ਫਿਰ ਆਮ ਆਦਮੀ ਕਿੰਨੇ ਸੀ ?
ਹੈਰਾਨੀ ਹੈ ਕਿ ਤੁਹਾਨੂੰ
ਅੱਖਾਂ 'ਚ ਕਾਲਾ ਮੋਤੀਆ ਉਤਰਨ ਦਾ
ਪਤਾ ਹੀ ਨਾ ਲੱਗਾ
ਸੱਪ ਦਾ ਜ਼ਹਿਰ ਤਾਂ ਸਿਰ ਨੂੰ ਚੜ੍ਹਨ ਲੱਗਾ ਹੈ
ਤੇ ਤੁਸੀਂ ਡੌਲੇ ਤੇ ਦੁਪੱਟਾ ਬੰਨ੍ਹੀ ਬੈਠੇ ਹੋ
ਭਲਾ ਉਸ ਜਾਦੂਗਰਨੀ ਨੇ
ਤ੍ਰੀਆ ਜਾਲ ਦਾ ਕੋਰਸ ਕਿਥੋਂ ਕੀਤਾ ਸੀ ?
ਗੁਰਦੁਆਰੇ ਦੇ ਭਾਈ ਦਾ
ਰਾਜ ਸਭਾ ਵਿਚ ਕੀ ਕੰਮ ?
ਗੰਦੇ ਤਵੇ ਲਾਉਣ ਵਾਲਾ
ਆਪਣੀ ਭੈਣ ਦੇ ਕੰਨਾਂ ਵਿਚ ਰੂੰ ਕਿਉਂ ਨਹੀਂ ਦਿੰਦਾ
ਤੁਸਾਂ ਲਾਲ ਕਿਲ੍ਹਾ ਕੀ ਫਤਹਿ ਕਰਨਾ ਹੈ
ਤੁਹਾਥੋਂ ਪਿੰਡ ਦਾ ਪਟਵਾਰੀ ਹੀ ਸੂਤ ਨਹੀਂ ਹੁੰਦਾ
ਫਸਲ ਸੁੱਕਣ ਲੱਗੇ
ਤਾਂ ਮੂੰਹ ਚੁੱਕੀ ਅਸਮਾਨ ਵੱਲ ਤੱਕਣ ਲਗਦੇ ਹੋ
ਇਹਨਾਂ ਪੁਲਸ ਵਾਲਿਆਂ ਨੂੰ
ਰੂੜੀ ਮਾਰਕਾ ਦੀ ਸਹੁੰ ਕਿਹਨੇ ਪਾਈ ਹੈ ?
ਉਸ ਅੱਥਰੂ ਬੱਚੇ ਨੂੰ
ਪੰਗੇ ਲੈਣ ਤੋਂ ਮਾਂ ਵੀ ਨਹੀਂ ਸੀ ਵਰਜਦੀ ?
ਜੇ ਰੋਗੀ ਠੀਕ ਨਹੀਂ ਸੀ ਹੁੰਦਾ
ਤਾਂ ਡਾਕਟਰ ਹੀ ਬਦਲ ਲੈਂਦੇ ।
ਦੁਕਾਨਾਂ ਦੀ ਹਰ ਵਸਤੂ ਵਿਚ
ਬਿਜਲੀ ਦਾ ਕਰੰਟ ਕਿਹਨੇ ਛੱਡਿਆ ਹੈ ?
ਸੋਚਦਾ ਹਾਂ
ਗਲੀਆਂ ਵਿਚ ਉੱਡਦੇ ਇਹਨਾਂ ਪੁੱਠੇ ਸਿੱਧੇ
ਪ੍ਰਸ਼ਨਾਂ ਦਾ ਕੀ ਉੱਤਰ ਦਿਆਂ ।

ਕਵਿਤਾ ਵਿਚ ਪਹਿਲਾ ਰਾਣੀ । ਫਫੇਕੁਟਣੀ, ਜਾਦੂਗਰਨੀ ਦਾ ਜ਼ਿਕਰ ਹੈ । ਫੇਰ ਕਰਾਮਾਤਾਂ ਦਾ ਵੇਰਵਾ ਹੈ ਅਤੇ ਮਿਥਿਆਸੀ ਅੱਗੇ 'ਤੁਹਾਨੂੰ' 'ਤੁਸਾਂ' ਆਉਂਦੇ ਹਨ ਜਿਹਨਾਂ ਨੂੰ ਕਾਲਾ ਮੋਤੀਆ ਉਤਰਿਆ ਹੈ, ਜਿਹੜੇ ਪਟਵਾਰੀ ਸੂਤ ਨਹੀਂ ਕਰ ਸਕਦੇ ਅਤੇ ਪੁਲਸ ਨੂੰ ਰੂੜੀ ਮਾਰਕਾ ਪਿਆਉਂਦੇ ਹਨ । 'ਅਥਰਾ ਜਾਂ ਅਥਰੂ ਬੱਚਾ' ਪਤਾ ਨਹੀਂ ਕੌਣ ਹੈ ਅਤੇ ਮਹਿੰਗਾਈ, ਬਿਜਲੀ ਵਾਂਗੂੰ ਸ਼ਾਕ ਮਾਰਦੀ ਹੈ । ਇਹ ਵਰਨਣ ਵਿਚ ਬੇਅਨੁਬੰਧ irrelevant ਗੱਲਾਂ ਹਨ ਕਿਉਂਕਿ ਭਾਵ ਅਸਲੀ ਤੌਰ 'ਤੇ ਇਹ ਨਿਰਣਾ ਨਹੀਂ ਕਰ ਸਕਦਾ ਕਿ ਕਿਹੜਾ ਅੰਸ਼ ਛੱਡਣ ਜਾਂ ਰੱਖਣ ਵਾਲਾ ਹੈ । ਸਿਰ ਨੂੰ ਸੱਪ ਦਾ ਜ਼ਹਰ ਚੜ੍ਹੇ ਅਤੇ ਡੌਲੇ 'ਤੇ ਦੁਪੱਟਾ ਬੰਨ੍ਹਣਾ ਨਾਜਾਇਜ਼ ਜ਼ੁਬਾਨ-ਦਰਾਜ਼ੀ ਦਾ ਦਿੱਲੀ ਸੰਰਚਨਾਵਾਦੀ ਸਕੂਲ ਦਾ ਮੁਹਾਵਰਾ ਹੈ । ਕਵਿਤਾ ਅਨੁਸਾਰ ਜਾਦੂਗਰਨੀ ਭੈੜੀ ਹੈ ਤਾਂ ਲੋਕ ਵੀ ਚੰਗੇ ਨਹੀਂ । ਜੇ ਇਹ ਕਿਹਾ ਜਾਂਦਾ ਹੈ ਕਿ ਰਾਣੀ ਦੀ ਜਾਦੂਗਰੀ ਲੋਕਾਂ ਦੀਆਂ ਕਮਜ਼ੋਰੀਆਂ ਕਰਕੇ ਹੈ ਤਾਂ ਕਵੀ ਦੀ ਸੋਚ ਪ੍ਰਬਲ ਹੋਣੀ ਸੀ ਅਤੇ ਲੋਕਾਂ ਨਾਲ ਸੁਹਿਰਦਤਾ ਵੀ ਜ਼ਿਆਦਾ ਵਖਾਈ ਜਾ ਸਕਦੀ ਸੀ । ਫੇਰ ਸ਼ਾਇਦ ਹਲਵਾਰਵੀ 'ਮੈਂ' ਅਤੇ 'ਅਸੀਂ' ਦੇ ਪੜਨਾਵਾਂ ਦੀ ਕਵਿਤਾ ਲਿਖਦਾ ।

ਤ੍ਰਿਮੂਰਤੀ ਵਧੀਆ ਕਵਿਤਾ ਹੈ । ਮੈਨੂੰ ਇਕ ਵਾਰੀ ਤਾਂ ਕਿਸੇ ਵਿਦੇਸ਼ੀ ਕਵਿਤਾ ਦੇ ਉਨਵਾਦ ਦਾ ਭਲੇਖਾ ਪਿਆ । ਬੰਦੇ ਨੂੰ ਮੁਹੱਬਤ ਨਾਲੋਂ ਹਮਦਰਦੀ ਦੀ ਵਧੇਰੇ ਲੋੜ ਹੁੰਦੀ ਹੈ । ਹੁਣ ਤਾਂ ਮਨੋਵਿਗਿਆਨੀ ਵੀ ਜ਼ੋਰ ਦਿੰਦੇ ਹਨ ਕਿ ਮਾਪਿਆਂ ਦਾ ਪਿਆਰ ਬੱਚਿਆਂ ਲਈ ਘਾਤਿਕ ਹੋ ਸਕਦਾ ਜਾਂ ਮੁਹਿਬੂਬ ਤੇ ਆਕਰਮਣ ਨੂੰ ਇਸ਼ਕ ਸਮਝ ਲਿਆ ਜਾਂਦਾ ਹੈ, ਹਮਦਰਦੀ ਖੁਸ਼-ਦਮਾਗ਼ੀ (Sanity) ਅਤੇ ਆਪਸੀ ਸਮਝ ਦੀ ਮੁਢਲੀ ਸ਼ਰਤ ਹੁੰਦੀ ਹੈ । ਹੁੰਦਲ ਦੀ ਕਵਿਤਾ ਦੀ ਬਣਤਰ ਦਲੀਲ ਵਾਲੀ ਹੈ ਜਿਵੇਂ ਕਿਤੇ ਹੁਣੇ ਤਰਕ ਨਾਲ ਆਪਣੀ ਗਲ ਸਿੱਧ ਕੀਤੀ ਹੁੰਦੀ ਹੈ । ਉਹਦੀ ਸੁਭਾਵਿਕ ਜੁਗਤ ਨੇ ਬੇ-ਦਲੀਲ ਨੂੰ ਹੀ ਦਲੀਲ ਵਿਚ ਬਦਲ ਦਿੱਤਾ ਹੈ ।

ਉਸਦੇ ਸਿਰ ਤੇ
ਸਿਖਰ ਦੁਪਹਿਰ ਖਲੋਤੀ ਵੇਖ ਕੇ
ਜਦੋਂ ਮੈਂ ਰੁੱਖ ਬਣ ਕੇ ਉੱਗਿਆ
ਤਾਂ ਉਸਨੇ ਕਿਹਾ ਸੀ
"ਮੈਨੂੰ ਰੁੱਖ ਦੀ ਨਹੀਂ
ਛਾਂ ਦੀ ਲੋੜ ਹੈ
ਰੁੱਖ ਤਾਂ ਮੇਰੇ ਵਿਹਵੇ ਵਿਚ ਵੀ ਹੈ"
ਉਦੋਂ ਮੈਨੂੰ ਪਹਿਲ਼ੀ ਵਾਰ ਅਹਿਸਾਸ ਹੋਇਆ
ਕਿ ਹਰ ਧੁੱਪ ਦੀ ਛਾਂ ਨਹੀਂ ਹੁੰਦੀ
ਉਸਦੇ ਕਮਰੇ ਵਿਚ ਫੁਲਦਾਨ ਪਿਆ ਵੇਖਕੇ
ਜਦੋਂ ਮੈਂ ਫੁਲ ਬਣਕੇ ਖਿੜਿਆ
ਤਾਂ ਉਸ ਨੇ ਕਿਹਾ ਸੀ
'ਮੈਨੂੰ ਫੁੱਲ ਦੀ ਨਹੀਂ ਖੁਸ਼ਬੂ ਦੀ ਲੋੜ ਹੈ
ਫੁੱਲ ਤਾਂ ਪਲਾਸਟਿਕ ਦੇ ਵੀ ਮਿਲ ਜਾਂਦੇ ਹਨ
ਉਦੋਂ ਮੈਨੂੰ ਪਹਿਲੀ ਵਾਰ ਅਹਿਸਾਸ ਹੋਇਆ
ਕਿ ਹਰ ਫੁੱਲ ਵਿਚ ਖੁਸ਼ਬੂ ਨਹੀਂ ਹੁੰਦੀ'
ਉਸਨੂੰ ਜੀਵਨ ਦੀ ਸੁੰਨਸਾਨ ਸੜਕ 'ਤੇ
ਇਕੱਲਿਆਂ ਵੇਖ ਕੇ
ਜਦੋਂ ਮੈਂ ਉਸਦੀ ਬਾਂਹ ਫੜੀ

ਤਾਂ ਉਸ ਨੇ ਕਿਹਾ ਸੀ

'ਮੈਨੂੰ ਮਰਦ ਦੀ ਨਹੀਂ

ਹਮਦੱਰਦ ਦੀ ਲੋੜ ਹੈ'

ਮਰਦ ਤਾਂ ਰੋਜ਼ ਚਟਦੇ ਨੇ ਮੇਰੇ ਪੈਰਾਂ ਦੀਆਂ ਤਲੀਆਂ

ਕਿ ਹਰ ਮਰਦ ਹਮਦੱਰਦ ਨਹੀਂ ਹੁੰਦਾ

ਅਸੀਂ ਅਨੁਭਵ ਨੂੰ ਉਲੀਕਣ ਲੱਗਿਆਂ ਮਾਰਕਸੀ ਵਿਚਾਰਧਾਰਾ ਦਾ ਸਹਾਰਾ ਲੈਣਾ ਹੈ ਜਿਸ ਨਾਲ ਇਸਦਾ ਵਿਸ਼ਲੇਸ਼ਨ ਹੋ ਸਕੇ। ਵਿਸ਼ਲੇਸ਼ਿਤ ਅਨੁਭਵ ਦੇ ਸੰਚਾਰ ਨੂੰ ਜੁਗਤ ਦੀ ਲੋੜ ਹੈ ਤਾਂ ਜੋ ਇਹ ਲੋਕਾਂ ਨੂੰ ਸਤੇ ਸਿੱਧ ਪ੍ਰਤੀਤ ਹੋਵੇ। ਇਸ ਵਿਚ ਕਲਪਨਾ ਅਤੇ ਭਾਵ ਦਾ ਅਜਿਹਾ ਦਖਲ ਹੋਵੇ ਕਿ ਮਜ਼ਦੂਰ, ਕਿਸਾਨ ਸਮਾਜਵਾਦੀ ਸੰਕਰਮ (praxis) ਲਈ ਤਤਪਰ ਹੋ ਜਾਣ। ਸਾਡੀ ਕਵਿਤਾ ਬੌਧਿਕ ਤੌਰ 'ਤੇ ਡੂੰਘੀ ਪਰ ਪ੍ਰਗਟਾਵ ਵਿਚ ਅਤਿ ਸੁਗਮ ਹੋਣੀ ਚਾਹੀਦੀ ਹੈ ਜਿਸ ਕਰਕੇ ਇਹ ਬੁਰਜਵਾ ਕਵਿਤਾ ਨਾਲੋਂ ਮੁਸ਼ਕਿਲ ਹੈ। ਸਾਡੀ ਕਵਿਤਾ ਲੈ ਦੇ ਪੱਖੋਂ ਗੀਤ ਜਹੀ ਅਤੇ ਵਿਚਾਰ ਵਜੋਂ ਦਰਸ਼ਨ ਹੋਣੀ ਚਾਹੀਦੀ ਹੈ ਜਿਸ ਵਿਚ ਲੈ ਅਤੇ ਦਰਸ਼ਨ ਇੱਕ ਦੂਸਰੇ ਨੂੰ ਸਹਾਈ ਹੁੰਦੇ ਆਪਣਾ ਮੁਹਾਂਦਰਾ ਹੀ ਬਦਲ ਲੈਣ।

ਮਿਸਾਲ ਵਜੋਂ- ਬਾਬੇ ਦਾ 'ਖੁਰਾਸਾਨ ਖਸਮਾਨਾ ਕੀਆ' ਸ਼ਬਦ ਹੈ ਜਿਸ ਨੂੰ ਆਮ ਕਰਕੇ ਜੰਗ-ਵਿਰੋਧੀ ਕਿਹਾ ਜਾਂਦਾ ਹੈ। ਪਰ ਇਹਦੇ ਵਿਚੋਂ ਜੰਗ ਦਾ ਵਿਰੋਧ-ਅਜੋਕੇ ਜੰਗ-ਵਿਰੋਧ ਜਿਹਾ ਨਹੀਂ। ਬਾਬਾ ਨਾਨਕ ਜੰਗ ਦੀ ਸਿੱਖ ਵਿਆਖਿਆ ਕਰਦਾ ਹੈ :

ਆਪੇ ਜੋੜਿ ਵਿਛੋੜੇ ਆਪੇ

ਵੇਖੁ ਤੇਰੀ ਵਡਿਆਈ

ਜੇ ਕੋ ਨਾਉ ਧਰਾਏ ਵਡਾ

ਸਾਦ ਕਰੇ ਮਨਿ ਭਾਣੇ

ਖਸਮੈ ਨਦਰੀ ਕੀੜਾ ਆਵੈ

ਜੇਤੇ ਚੁਗੈ ਦਾਣੇ

ਮਰਿ ਭਰਿ ਜੀਵੈ ਤਾਂ ਕਿਛ ਪਾਏ

ਨਾਨਕ ਨਾਮ ਵਖਾਣੈ

ਬਾਬਾ ਨਾਨਕ ਜੰਗ ਵਿਚੋਂ 'ਨਾਮ' ਜਪਣ ਦੇ ਅਰਥ ਕਢਦਾ ਹੈ।

ਅਗਲੇ ਸ਼ਬਦ ਵਿਚ ਕੁੱਤਿਆਂ ਵਿਚ ਘਿਰੇ ਕੁੱਤੇ ਦਾ ਅਲੰਕਾਰ ਹੈਰਾਨਕੁਨ ਹੈ। ਬਾਬਾ ਨਾਨਕ ਇਸ ਅਨੁਭਵ ਦੀ ਰਚਨਾ ਕਰ ਰਿਹਾ ਹੈ ਕਿ ਹਰ ਬੰਦੇ ਦੀ ਨੇਕੀ ਦੀ ਵਿਤ ਹੁੰਦੀ ਹੈ, ਜਿਸ ਤੋਂ ਉਹ ਬਾਹਰ ਨਹੀਂ ਜਾ ਸਕਦਾ। ਸ਼ਬਦ ਵਿਚ ਵਹਿਣ ਅਤੇ ਵਿਚਾਰਧਾਰਾ ਦਾ ਬਿੰਬਾਂ ਨਾਲੋਂ ਕਿਤੇ ਜ਼ਿਆਦਾ ਮਹਤੱਵ ਹੈ। ਜਿੱਥੇ ਭਾਵ ਦੀ ਸੂਚਕ ਵਹਿਣ ਹੈ, ਉਥੇ ਸਿਰਜਣਾ ਦਾ ਆਧਾਰ ਵਿਚਾਰਧਾਰਾ ਹੈ :

ਤੂੰ ਸੁਲਤਾਨ ਕਹਾ ਹਉ ਮੀਆ

ਤੇਰੀ ਕਵਨ ਵਡਿਆਈ

ਜੋ ਤੂੰ ਦੇਹਿ ਸੁ ਕਹਾ ਸੁਆਮੀ

ਮੈਂ ਮੂਰਖ ਕਹਣੁ ਨ ਜਾਈ ॥

ਤੇਰੇ ਗੁਣ ਗਾਵਾ ਦੇਹਿ ਬੁਝਾਈ

ਜੈਸੇ ਸਚ ਮਹਿ ਰਹਉ ਰਜਾਈ ॥ਰਹਾਉ॥

ਜੋ ਕਿਛੁ ਹੋਆ ਸਭੁ ਕਿਛੁ ਤੁਝ ਤੇ

ਤੇਰੀ ਸਭ ਅਸਨਾਈ

ਤੇਰਾ ਅੰਤੁ ਨ ਜਾਣਾ ਮੇਰੇ ਸਾਹਿਬ

ਮੈਂ ਅੰਧੁਲੇ ਕਿਆ ਚਤੁਰਾਈ ।2।

ਕਿਆ ਹਉ ਕਥੀ ਕਥੇ ਕਥਿ ਦੇਖਾ

ਮੈਂ ਅਕਥੁ ਨ ਕਥਨਾ ਜਾਈ

ਜੋ ਤੁਧੁ ਭਾਵੈ ਸੋਈ ਆਖਾ

ਤਿਲੁ ਤੇਰੀ ਵਡਿਆਈ ।3।

ਏਤੇ ਕੂਕਰ ਹਉ ਬੇਗਾਨਾ

ਭਉਕਾ ਇਸੁ ਤਨ ਤਾਈ

ਭਗਤਿ ਹੀਣੁ ਨਾਨਕੁ ਜੇ ਹੋਇਗਾ

ਤਾ ਖਸਮੈ ਨਾਉ ਨ ਜਾਈ ।4।

(ਬਿਸਾਵਲੁ 1)

ਪ੍ਰਗਤੀਵਾਦੀ ਕਵਿਤਾ ਦਾ ਸਿਖਰ ਅਵਸਰ-ਹਿਤ (occasional) ਕਵਿਤਾ ਹੁੰਦੀ ਹੈ। ਕਵੀ ਸਰੋਤਿਆਂ ਲਈ ਕਿਸੇ ਅਵਸਰ ਪ੍ਰਤੀ ਉਹਨਾਂ ਦੇ ਪ੍ਰਤੀਕਰਮ ਸੁਲਝਾਉਂਦਾ ਹੈ। 'ਬੇਸੁਰਾ ਮੌਸਮ' ਵੀ ਅਵਸਰ ਹਿਤ ਕਵਿਤਾ ਦਾ ਸੰਗ੍ਰਹਿ ਹੈ। ਅਵਸਰ ਹਿਤ ਕਵਿਤਾ ਕਵੀ ਅਤੇ ਲੋਕ ਲਹਿਰ ਦੀ ਸਾਂਝੀ ਰਚਨਾ ਹੁੰਦੀ ਹੈ। ਇਕ ਤਰ੍ਹਾਂ ਪੰਜਾਬੀ ਲੋਕ ਲਹਿਰ ਦੀ ਕਮਜ਼ੋਰੀ 'ਬੇਸੁਰਾ ਮੌਸਮ' ਦੀ ਕਾਵਿਕ ਤਰੁਟੀ ਬਣ ਗਈ ਹੈ। o

---

## ਇਕ ਚਿੱਠੀ

ਸਤਿਕਾਰ ਯੋਗ ਸ. ਗੁਰਸ਼ਰਨ ਸਿੰਘ ਭਾਅ ਜੀ !

ਆਦਾਬ ! ਜਲੰਧਰ ਦੀ ਗੋਸ਼ਟੀ ਆਪਣੇ ਆਪ ਵਿਚ ਪੂਰਨ ਤੌਰ 'ਤੇ ਸਫਲ ਰਹੀ ! ਪਰ ਫਿਰ ਵੀ ਇਕ ਘਾਟ ਜੋ ਰਹੀ ਆਲੋਚਨਾ ਦੀ ਰਵਾਇਤੀ ਗੰਭੀਰਤਾ ਗੈਰ ਹਾਜ਼ਰ ਸੀ। ਵਧੀਆ ਸੀ ਜੇ ਪੰਜੇ ਬੁਲਾਰੇ ਜੋ ਤੁਸੀਂ ਬੁਲਾਏ ਸੀ ਆਪ ਆ ਕੇ ਵਿਚਾਰ ਪ੍ਰਗਟ ਕਰਦੇ ਤੇ ਪੇਪਰ ਵਾਲੇ ਲੇਖਕ ਵੀ ਵਕਤਿਆਂ ਨੂੰ ਸੁਣਦੇ ਪਰ ਅਜਿਹਾ ਨਹੀਂ ਹੋਇਆ। ਮਾਨ ਬੋਲ ਰਿਹਾ ਸੀ ਤੇ ਨੂਰ ਚਲਾ ਗਿਆ ਸੀ। ਹਾਲਾਂਕਿ ਉਸਨੇ ਡਾ. ਨੂਰ ਦੇ ਪੇਪਰ ਤੇ ਗੰਭੀਰ ਨੁਕਤੇ ਉਠਾਏ ਸੁਨਣਾ ਬੜੀ ਗੰਭੀਰਤਾ ਨਾਲ ਕਰਨੇ

ਵਾਲੀ ਵਿਚਾਰ ਗੋਸ਼ਟੀ ਸੀ ਜਿਥੋਂ ਮੇਰੇ ਵਰਗੇ ਕਵੀ ਵੀ ਕੋਈ ਸੇਧ ਲੈ ਸਕਦੇ । ਕਿਉਂਕਿ ਸੰਰਚਨਾਵਾਦੀ ਆਲੋਚਨਾ, ਜੁਝਾਰਵਾਦੀ ਕਵਿਤਾ ਨੂੰ ਨਕਾਰਦੀ ਰਹੀ ਹੈ। ਇਸ ਬਿਨਾ ਤੇ ਕਿ ਇਸ ਵਿਚ ਕਾਵਿ ਸ਼ਿਲਪ ਹੈ ਨਹੀਂ। ਹਾਂ ਕੁਝ ਘਾਟ ਹੈ ਵੀ ਸੀ, ਕਿਉਂਕਿ ਉਸੇ ਸਮੇਂ ਦਾ ਹੋਰ ਕਈ ਵਾਕ ਕਾਵਿ ਭਾਸ਼ਾ ਤੋਂ ਆਜ਼ਾਦ ਹੋ ਕੇ ਵਹਿ ਤੁਰਿਆ ਸੀ। ਉਹ ਗੁੱਸੇ ਦੀ ਕਵਿਤਾ ਸੀ ਤੇ ਸਾਵੀਂ ਪੱਧਰੀ ਨਹੀਂ ਸੀ। ਉਸ ਵਿਚ ਅਜਿਹੀਆਂ ਉਕਾਈਆਂ, ਕਾਵਿ ਭਾਸ਼ਾ ਤੇ ਸ਼ਿਲਪ ਦੀ ਰਹਿ ਜਾਣੀਆਂ ਸੁਭਾਵਿਕ ਸਨ।

ਹਾਂ ਤੇ ਡਾ. ਨੂਰ ਦੇ ਪੇਪਰ ਵਿਚੋਂ ਵਧੀਆਂ ਗੱਲ ਇਹੀ ਜਾਪੀ ਕਿ ਉਸਨੇ ਪ੍ਰਗਤੀਵਾਦੀ ਕਵਿਤਾ ਦਾ ਆਰੰਭ ਗੁਰੂ ਨਾਨਕ ਦੇ ਵੇ ਲਾਲੋ ਦੇ ਸੰਕਲਪ ਨੂੰ ਵੇ ਲੋਕਾਂ ਵਿਚ ਪ੍ਰਿਵਰਤਤ ਕੀਤਾ। ਲਾਲੋ ਲੁੱਟੀ ਜਾਣ ਵਾਲੀ ਮਜ਼ਦੂਰ ਜਮਾਤ ਦਾ ਪਾਤਰ ਹੈ। ਤੇ ਉਹ ਸਮੁੱਚੀ ਸ਼੍ਰੇਣੀ ਦੀ ਪ੍ਰਤੀਨਿਧਤਾ ਕਰਦਾ ਹੈ—ਵੇ ਲਾਲੋ ਨੂੰ ਵੇ ਲੋਕਾਂ ਦੇ ਅਰਥਾਂ ਵਿਚ ਲੈਣਾ ਹੀ ਡਾ. ਨੂਰ ਦੀ ਪ੍ਰਾਪਤੀ ਹੈ। ਸ਼ਾਹ ਮਹੁੰਮਦ ਤੇ ਹਾਸ਼ਮ ਵੀ ਉਸਨੇ ਇਸੇ ਕਤਾਰ ਵਿਚ ਲਿਆ ਖੜਾਏ। ਅਧੁਨਿਕ 'ਕਵਿਤਾ' ਸ਼ਾਹ ਮਹੁੰਮਦ ਤੋਂ ਹੀ ਸ਼ੁਰੂ ਹੁੰਦੀ ਹੈ।

ਨੂਰ ਦੇ ਪੇਪਰ ਦਾ ਕੇਂਦਰੀ ਧੁਰਾ ਪਾਸ਼ ਦੀ ਮੂਵਮਿੰਟ ਤੋਂ ਬਾਅਦ ਵਾਲੀ ਕਵਿਤਾਂ ਨੂੰ ਬਣਾਇਆ ਹੈ ਜਿਸ ਵਿਚ ਕਾਵਿ ਸ਼ਿਲਪ ਤਾਂ ਹੈ, ਸਬਦਾਂ ਦੀ ਖੇਡ ਵੀ ਪਰ ਉਹ ਕਵਿਤਾ ਪ੍ਰਤੀਬੱਧਤਾ ਨੂੰ ਖੱਬੀਪੁਣਾ ਕਹਿਕੇ ਹੱਸਦੀ ਹੈ ਬੇਸ਼ਰਮ ਜਿਹਾ ਹਾਸਾ! ਕਿਉਂਕਿ ਸੰਰਚਨਾਵਾਦੀ ਆਲੋਚਨਾ ਕਾਵਿ ਟੁਕੜੀਆਂ ਨੂੰ ਵੰਡ ਕੇ ਪੇਸ਼ ਕਰਦੀ ਹੈ। ਕਵਿਤਾ ਦੇ ਸਮੂੰਹ ਨੂੰ ਨਹੀਂ! ਜੇ ਪਾਸ਼ ਦੀ ਕਵਿਤਾ ਕਿਸਾਨੀ ਅਨੁਭਵ ਨੂੰ ਲੈ ਕੇ ਆਈ ਹੈ ਤਾਂ ਚੰਦਨ ਦੀ ਕਾਰਖਾਨੇਦਾਰੀ ਕਿਰਤੀਆਂ ਦੇ ਅਨੁਭਵ ਨੂੰ ਲੈ ਕੇ ਤੁਰਦੀ ਹੈ। ਲੋੜ ਹੈ ਕਵਿਤਾ ਦੀ ਸਮੁੱਚ ਨੂੰ ਸਮਝਣ ਦੀ। ਉਦਾਸੀ ਦੀ ਕਵਿਤਾ ਨੂੰ ਇਹ ਸੰਰਚਨਾਵਾਦੀ ਆਲੋਚਨਾ ਮਹਿਜ਼ ਤੁਕਬੰਦੀ ਸਮਝਦੀ ਹੈ। ਡਾ. ਨੂਰ ਦਾ ਦ੍ਰਿਸ਼ਟੀਕੋਣ ਬਦਲਿਆ ਹੈ ਕਿ ਉਹ ਸਮਾਜਵਾਦੀ ਆਲੋਚਨਾ ਨੂੰ ਵੀ ਕਵਿਤਾ ਸਮਝਣ ਦਾ ਹਥਿਆਰ ਵਜੋਂ ਪੇਸ਼ ਕਰਦੀ ਹੈ। ਪਰ ਜਦੋਂ ਡਾ. ਨੂਰ ਜੁਝਾਰਵਾਦੀ ਕਵਿਤਾ ਨੂੰ ਅਗਲੇ ਪੜਾ ਵਿਚ ਨੀਲਾ ਤਾਰਾ ਅਪਰੇਸ਼ਨ ਤੋਂ ਪਹਿਲਾਂ ਤੇ ਬਾਅਦ ਵਾਲੀ ਕਵਿਤਾ ਵਿਚ ਵੰਡਦਾ ਹੈ ਤਾਂ ਟਪਲਾ ਖਾ ਜਾਂਦਾ ਹੈ ਜਾ ਜਾਣ ਬੁੱਝ ਕੇ ਨੀਲਾ ਤਾਰਾ ਅਪਰੇਸ਼ਨ ਤੋਂ ਬਾਅਦ ਦੀ ਭਾਵਕ ਰੁਦਨ ਤੱਕ ਸੀਮਤ ਸ਼ਾਇਰੀ ਨੂੰ ਜੁਝਾਰਵਾਦੀ ਕਵਿਤਾ ਦਾ ਅਗਲਾ ਪੜਾ ਮੰਨਦਾ ਹੈ। ਦਰ ਅਸਲ ਉਹ ਸ਼ਾਇਰੀ ਨੀਲਾ ਤਾਰਾ ਅਪਰੇਸ਼ਨ ਤੋਂ ਬਾਅਦ ਇਕ ਫਿਰਕੇ ਦਾ ਭਾਵੁਕ ਰੁਦਨ ਸੀ। ਸ਼ਾਇਰ ਉਹੀ ਹੈ ਸੀ ਤੇ ਰਹੇਗਾ। ਸ਼ਹਿਰ ਦਾ ਸੰਕਲਪ ਵਿਸਤਾਰ ਕਰਨ ਦੀ ਲੋੜ ਹੈ। ਸ਼ਹਿਰ ਦੇ ਅਰਥ ਸਮੁੱਚੇ ਹਿੰਦੋਸਤਾਨ ਤੱਕ ਫੈਲਦੇ ਹਨ। ਤੇ ਫਿਰ ਵਿਸ਼ਵ ਤੱਕ। ਮੋਹਨਜੀਤ ਤੇ ਉਸਦੀ ਕਵਿਤਾ ਤੋਂ ਉਪਜੇ ਪ੍ਰਤੀਕਰਮ ਸਿਰਫ ਭਾਵੁਕ ਰੁਦਨ ਹੈ ਨਾ ਕਿ ਪ੍ਰਸਥਿਤੀਆਂ ਦਾ ਵਿਗਿਆਨਕ ਨਜ਼ਰੀਏ ਤੋਂ ਵਿਸ਼ਲੇਸ਼ਣ।

ਗੱਲ ਪ੍ਰਸਥਿਤੀਆਂ ਦਾ ਵਿਗਿਆਨਕ ਨਜ਼ਰੀਏ ਤੋਂ ਵਿਸ਼ਲੇਸ਼ਣ ਕਰਨ ਦੀ ਹੈ। ਅਜਿਹਾ ਪ੍ਰਤੀਕਰਮ ਵੀ ਸ਼ਾਇਰੀ ਵਿਚ ਹੋਇਆ ਹੈ। ਪੰਜਾਬੀ ਸ਼ਾਇਰੀ ਵਿਚ ਪਰ ਡਾ. ਨੂਰ ਹੁਰਾਂ ਉਸ ਸ਼ਾਇਰੀ ਤਕ ਪਹੁੰਚ ਸਥਾਪਤ ਨਹੀਂ ਕੀਤੀ। 'ਪਹੁੰਚੇ ਹਾਂ ਕਿਸ ਮੁਕਾਮ ਤੇ' ਦੀ ਸ਼ਾਇਰੀ ਭਾਵੇਂ ਜ਼ਿਆਦਾ ਭਾਵੁਕ ਪ੍ਰਗਟਾਅ ਹੀ ਸੀ ਪਰ ਕਈ ਸ਼ਾਇਰ ਹਾਲਤਾਂ ਨੂੰ ਵਿਗਿਆਨਕ ਨਜ਼ਰੀਏ ਨਾਲ ਪੜ੍ਹ ਸਕੇ ਹਨ, ਜਿਵੇਂ ਹਮਦਰਦਵੀਰ ਨੌਸ਼ਹਿਰਵੀ, ਹਰਭਜਨ ਹੁੰਦਲ, ਸੰਤੋਖ ਸਿੰਘ ਧੀਰ, ਜਗੀਰ ਜੋਸਨ, ਮਨਮੋਹਣ ਸਿੱਧੂ, ਸੁਰਜੀਤ ਬਰਾੜ, ਆਤਮਜੀਤ, ਸੁਖਬੀਰ ਆਦਿ। ਪਤਾ ਨਹੀਂ ਕਿਉਂ ਡਾ. ਨੂਰ ਦੀ ਨਜ਼ਰ ਮੋਹਨਜੀਤ ਦੀ ਨਜ਼ਮ 'ਮੇਰਾ ਸ਼ਹਿਰ ਕਿੱਥੇ ਹੈ' ਤੇ ਉਸਦੇ ਪ੍ਰਤੀਕਰਮਾਂ ਤਕ ਹੀ ਸੀਮਤ ਰਹੀ।

ਗੱਲ ਜੁਝਾਰਵਾਦੀ ਕਵਿਤਾ ਨੂੰ ਨਵੇਂ ਬਿੰਬ ਘੜਨ ਦੀ ਹੈ। ਪੁਰਾਣੇ ਬਿੰਬ ਤੇ ਇਤਿਮਿਥਿਹਾਸੱਕ ਬਿੰਬ ਕਈ ਵਾਰ ਅਜਿਹੇ ਢੰਗ ਨਾਲ ਵਰਤੇ ਜਾਂਦੇ ਹਨ ਕਿ ਕਵਿਤਾ ਪ੍ਰਗਤੀਵਾਦੀ ਹੋਣ ਦੀ ਬਜਾਇ ਪਿਛਲਖੁਰੀ ਤੁਰ ਪੈਂਦੀ ਹੈ। ਇਸ ਬਾਰੇ ਨਵੀਂ ਜੁਝਾਰਵਾਦੀ ਕਵਿਤਾ ਨੂੰ ਸੰਜੀਦਾ ਹੋਣ ਦੀ ਲੋੜ ਹੈ।

ਇਹ ਕਵਿਤਾ ਹੈ ਤਾਂ ਕਵਿਤਾ ਹੀ ਰਹੇਗੀ ਵੀ, ਕਿਉਂਕਿ ਸਾਧਾਰਣ ਪੱਧਰ ਤੇ ਆਉਂਦੇ ਆਉਂਦੇ ਅਸੀਂ ਕਵਿਤਾ ਦੇ ਸ਼ਿਲਪ ਨੂੰ ਵੀ ਬਰਕਰਾਰ ਰੱਖਣਾ ਹੈ।

ਧੰਨਵਾਦ! ਤੁਸੀਂ ਕਵਿਤਾ ਬਾਰੇ ਬਹਿਸ ਛੇੜੀ।

—ਭੁਪਿੰਦਰ


ਪ ਲ ਸ ਮੰਚ ਪ੍ਰਕਾਸ਼ਨ ਦੀਆਂ ਨਵੀਆਂ ਪੁਸਤਕਾਂ

**ਜੰਗਲ ਦੇ ਵਿਰੁੱਧ**(ਕੈਨੇਡਾ ਦੇ ਕਵੀਆਂ ਦੀ ਅੱਜਕੱਲ ਪੰਜਾਬ ਦੇ ਮਸਲੇ ਬਾਰੇ ਕਵਿਤਾਵਾਂ)—ਕੀਮਤ : ਪੰਜ ਰੁਪਏ

ਸੰਪਾਦਕ : ਸੁਖਪਾਲ ੦ ਸਾਧੂ

**1985 ਦਾ ਚੋਣਵਾਂ ਸਾਹਿਤ**—1985 ਵਿਚ ਲਿਖੇ ਗਏ ਲੋਕ-ਪੱਖੀ ਸਾਹਿਤ ਦਾ ਪ੍ਰਤੀਨਿਧ ਸੰਗ੍ਰਹਿ—ਕੀਮਤ 10 ਰੁਪੈ

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਦੀਆਂ ਨਵੀਆਂ ਪੁਸਤਕਾਂ

**ਲੋਕ ਸੱਥ ੦ ਕਤਲਗਾਹ**/ਗੁਰਚਰਨ ਰਾਮਪੁਰੀ/ਕੀਮਤ 8 ਰੁ: ੦ **ਆਪਣੇ ਆਪ ਤੋਂ ਦੂਰ**/ਸੰ: ਅਮਰਜੀਤ ਚੰਦਨ

## ਮਸਲੇ ਅਜੋਕੀ ਕਵਿਤਾ ਦੇ/ਸੁਖਿੰਦਰ

ਸਮਤਾ ਦੇ ਦਸੰਬਰ '85 ਦੇ ਅੰਕ ਨੰਬਰ 67 ਵਿਚ ਅੰਮਰਜੀਤ ਚੰਦਨ ਦੀਆਂ ਪੈਗੰਬਰੀ ਅੰਦਾਜ਼ ਵਿਚ ਲਿਖੀਆਂ ਹਮਕਲਮ ਦੋਸਤਾਂ ਨੂੰ ਦਸ ਸਲਾਹਾਂ ਪੜ੍ਹਨ ਦਾ ਮੌਕਾ ਮਿਲਿਐ। ਪੰਜਾਬ ਲੋਕ ਸਭਿਆਚਾਰਕ ਮੰਚ ਦੇ ਸਾਲਾਨਾ ਸਮਾਗਮ ਵਾਸਤੇ ਵਿਸ਼ੇਸ਼ ਤੌਰ 'ਤੇ ਚੰਦਨ ਵੱਲੋਂ ਲਿਖੀ ਗਈ ਅਜਿਹੀ ਲਿਖਤ ਕੋਈ ਵਧੇਰੇ ਪ੍ਰਭਾਵਸ਼ਾਲੀ ਨਹੀਂ ਜਾਪੀ। ਚੰਦਨ ਨੂੰ 'ਆਪਣੇ ਵਰ੍ਹਿਆਂ ਦੇ ਕਾਵਿਕ ਅਮਲ ਤੇ ਅੰਤਰਰਾਸ਼ਟਰੀ ਕਵਿਤਾ ਦੇ ਅਭਿਆਸ ਸਦਕਾ' ਕਵਿਤਾ ਦੀ ਸਹੀ ਪਛਾਣ ਵਿਸ਼ੇ ਉਪਰ ਕੋਈ ਗਹਿਰ ਗੰਭੀਰ ਅਤੇ ਵਿਸਥਾਰ ਪੂਰਵਕ ਲੇਖ ਲਿਖਣਾ ਚਾਹੀਦਾ ਸੀ। ਖ਼ੈਰ!

ਆਪਣੀਆਂ ਪੈਗੰਬਰੀ ਸਲਾਹਾਂ ਵਿਚ ਚੰਦਨ ਨੇ ਦੋ ਕੁ ਗੱਲਾਂ ਜ਼ਰੂਰ ਐਸੀਆਂ ਕੀਤੀਆਂ ਹਨ, ਜਿਨ੍ਹਾਂ ਬਾਰੇ ਸੋਚਣ ਦੀ ਲੋੜ ਹੈ:

1. 'ਸੋਚਣ ਵਾਲੀ ਗੱਲ ਹੈ ਕਿ ਸਾਡੀ ਅਜੋਕੀ ਕਵਿਤਾ ਸੂਫ਼ੀ ਕਵਿਤਾ ਵਾਂਙ ਸਾਹਿਤਕ 'ਤੇ ਜਨਤਕ ਮਿਆਰਾਂ 'ਤੇ ਪੂਰੀ ਕਿਉਂ ਨਹੀਂ ਉਤਰਦੀ'

ਕਵਿਤਾ ਨਾਲ ਸਬੰਧਤ ਇਸ ਮਸਲੇ ਨੂੰ ਪੰਜਾਬੀ ਕਵਿਤਾ ਬਾਰੇ ਕੀਤੀਆਂ ਜਾਂਦੀਆਂ ਕਾਨਫਰੰਸਾਂ/ਸਾਹਿਤ ਸਭਾਵਾਂ ਵਿਚ ਵਿਸ਼ੇਸ਼ ਤੌਰ ਤੇ ਵਿਚਾਰਿਆ ਜਾਣਾ ਚਾਹੀਦਾ ਹੈ। ਇਸ ਵਿਸ਼ੇ ਬਾਰੇ ਕੁਝ ਸਮਾਂ ਪਹਿਲਾਂ ਮੈਂ ਦੇਵ (ਸਵਿਟਜ਼ਰਲੈਂਡ) ਨੂੰ ਕੁਝ ਖ਼ਤ ਵੀ ਲਿਖੇ ਸਨ। ਅਮਰੀਕਾ ਅਤੇ ਕੈਨੇਡਾ ਦੇ ਕੁਝ ਚਰਚਿਤ ਸ਼ਾਇਰਾਂ/ਸ਼ਾਇਰਾਂ ਦੇ ਗਰੁਪਾਂ (ਜਿਨ੍ਹਾਂ ਵਿਚ ਗਿਨਜ਼ਬਰਗ, ਮਾਈਕਲ ਓਨਡਾਚੇ, ਫੌਰ ਹਾਰਸਮੈੱਨ ਆਦਿ ਸ਼ਾਮਿਲ ਸਨ) ਨੂੰ ਲੈ ਕੇ ਇੱਥੇ ਇਕ ਫਿਲਮ ਬਣਾਈ ਗਈ ਹੈ—The Poetry in Motion। ਇਹ ਫਿਲਮ ਬਕਾਇਦਾ ਸਿਨਮਾ ਘਰਾਂ ਵਿਚ ਦਿਖਾਈ ਗਈ ਸੀ। ਇਸ ਫਿਲਮ ਵਿਚ ਤਕਰੀਬਨ ਪਿਛਲੇ ਵੀਹ ਸਾਲ ਦੀ ਕਵਿਤਾ ਅਤੇ ਇਸ ਨਾਲ ਸਬੰਧਤ ਮਸਲਿਆਂ ਨੂੰ ਲਿਆ ਗਿਆ ਹੈ। ਜਿਸ ਤਰ੍ਹਾਂ ਕਿ ਗੁਰਸ਼ਰਨ ਸਿੰਘ ਹੋਰਾਂ ਦੀ ਨਿਗਰਾਨੀ ਵਿਚ 'ਪ੍ਰਗਤੀਵਾਦੀ ਫਿਲਮ ਨਿਰਮਾਤਾ ਸੋਸਾਇਟੀ, ਪੰਜਾਬ' ਦੀ ਸਥਾਪਨਾ ਕੀਤੀ ਗਈ ਹੈ — ਮੇਰੀ ਰਾਇ ਹੈ ਕਿ ਇਹ ਸੰਸਥਾ The Poetry in Motion ਵਰਗੀਆਂ ਗਹਿਰ ਗੰਭੀਰ ਫਿਲਮਾਂ ਦਾ ਨਿਰਮਾਣ ਕਰੇ। ਜਿਸ ਨਾਲ ਇਕ ਪਾਸੇ ਤਾਂ ਵਧੀਆ ਪ੍ਰਗਤੀਵਾਦੀ ਕਵਿਤਾ ਦਾ ਫੈਲਾ ਹੋਵੇਗਾ ਅਤੇ ਦੂਜੇ ਪਾਸੇ ਇਸ ਨਾਲ ਸਬੰਧਤ ਮਸਲਿਆਂ ਬਾਰੇ ਵੀ ਆਮ ਜਨਤਾ ਤੱਕ ਪਹੁੰਚ ਹੋ ਸਕੇਗੀ।

2. 'ਅਰੂਜ਼-ਪਿੰਗਲ ਦਾ ਇਲਮ ਜ਼ਰੂਰੀ ਹੈ। ਨਹੀਂ ਤਾਂ ਸਾਡੀ ਹੁਣ ਵਾਲੀ ਹਾਲਾਤ ਹੋਰ ਬਦਤਰ ਹੁੰਦੀ ਜਾਏਗੀ' ਅਜਿਹੀ ਰਾਇ ਚੰਦਨ ਪਤਾ ਨਹੀਂ ਆਪਣੇ ਕਿਹੜੇ ਵਰ੍ਹਿਆਂ ਦੇ ਕਾਵਿਕ ਅਮਲ ਅਤੇ ਕਵਿਤਾ ਦੇ ਅਭਿਆਸ ਵਜੋਂ ਦੇ ਰਿਹਾ ਹੈ? ਇਹ ਸਪੱਸ਼ਟ ਨਹੀਂ ਹੁੰਦਾ। ਕਿਉਂਕਿ ਅਜਿਹਾ ਕਰਨ ਨਾਲ ਕੀ ਸਹੀ ਕਵਿਤਾ ਦੀ ਪਛਾਣ ਹੋ ਸਕੇਗੀ? ਇਹ ਗੱਲ ਕਾਫੀ ਸ਼ੱਕੀ ਜਾਪਦੀ ਹੈ!

'ਸਹੀ ਕਵਿਤਾ ਦੀ ਪਛਾਣ' ਮੇਰੀ ਰਾਇ ਵਿਚ ਅਰੂਜ਼-ਪਿੰਗਲ ਦੇ ਇਲਮ ਵਿਚ ਨਹੀਂ—ਸਗੋਂ ਅਜੋਕੀ ਕਵਿਤਾ ਨਾਲ ਸਬੰਧਤ ਮਸਲਿਆਂ ਨੂੰ ਸਮਝਣ ਵਿਚ ਹੈ। ਚੰਦਨ ਨੂੰ ਮੇਰੀ ਰਾਇ ਹੈ ਕਿ ਹੋ ਸਕੇ ਤਾਂ ਉਹ The Poetry in Motion ਫਿਲਮ ਜ਼ਰੂਰ ਵੇਖੇ—ਸ਼ਾਇਦ, ਫਿਰ ਉਹ 'ਅਰੂਜ਼-ਪਿੰਗਲ' ਦੀ ਗੱਲ ਨਹੀਂ ਕਰੇਗਾ। o

---

## ਸਹੀ ਮੁਲਿਆਂਕਣ ਵਾਸਤੇ ਪਰਿਪਕਵ ਆਲੋਚਨਾ ਦ੍ਰਿਸ਼ਟੀ ਦੀ ਲੋੜ

ਹਿੰਦੀ ਸਾਹਿਤ ਦਾ ਦਾਇਰਾ ਬਹੁਤ ਵਿਸ਼ਾਲ ਹੈ। ਇਸ ਲਈ ਇਸਦੇ ਕਿਸੇ ਵੀ ਵਿਸ਼ੇ ਤੇ ਲਿਖਣ ਜਾਂ ਬਹਿਸ ਕਰਨ ਤੋਂ ਪਹਿਲਾਂ ਇਹਦੀਆਂ ਅਛਾਈਆਂ, ਬੁਰਾਈਆਂ ਤੇ ਲੋੜੀਂਦੇ ਪੱਖਾਂ ਦਾ ਗਿਆਨ ਹੋਣਾ ਬਹੁਤ ਜ਼ਰੂਰੀ ਹੁੰਦਾ ਹੈ। ਸਾਹਿਤ ਦੇ ਖੇਤਰ 'ਚ ਕਿਸੇ ਨਾਮੀ ਸਥਾਪਿਤ ਆਲੋਚਕ ਦੇ ਲੇਖਾਂ ਤੇ ਅਧਾਰਿਤ ਜਾਂ ਉਹਨਾਂ ਦੇ ਪ੍ਰਭਾਵ ਹੇਠ ਲਿਖਿਆ ਕਿਸੇ ਵੀ ਵਿਸ਼ੇ ਤੇ ਕੋਈ ਵੀ ਲੇਖ ਇਕ ਤੀਜੇ ਦਰਜੇ ਦੀ ਲਿਖਤ ਬਣ ਕੇ ਰਹਿ ਜਾਂਦਾ ਹੈ ਤੇ ਇਸ ਵਿਚੋਂ ਆਲੋਚਨਾ ਦੀ ਕੋਸ਼ਿਸ਼ ਕਰਨ ਵਾਲੇ ਲੇਖਕ ਦੀ ਅਗਿਆਨਤਾ ਸਾਫ ਝਲਕਦੀ ਹੈ। ਡਾ. ਚਮਨ ਲਾਲ ਹੋਰਾਂ ਦਾ ਪੇਪਰ ਪੜ੍ਹ ਕੇ ਮੈਂ ਉਪਰੋਕਤ ਗੱਲਾਂ ਮਹਿਸੂਸ ਕੀਤੀਆਂ ਨੇ।

ਦੁਖਾਂਤ ਤਾਂ ਇਹ ਹੈ ਕਿ ਡਾ. ਚਮਨ ਲਾਲ ਹੋਰਾਂ ਨੇ ਸੈਮੀਨਾਰ ਦਾ ਉਦੇਸ਼ ਵੀ ਸਮਝਣ ਦੀ ਖੇਚਲ ਨਹੀਂ ਕੀਤੀ। ਸੈਮੀਨਾਰ ਦਾ ਉਦੇਸ਼ ਵਿਸ਼ਵ ਪੱਧਰ ਤੇ ਰਾਜਸੀ ਤੇ ਜੁਝਾਰ ਕਵਿਤਾ ਬਾਰੇ ਪੰਜਾਬੀ ਪਾਠਕਾਂ ਨੂੰ ਪਹਿਚਾਣ ਕਰਾਉਣਾ ਸੀ ਤੇ ਜੁਝਾਰ ਕਵਿਤਾ ਅਤੇ ਬੁਰਜੁਆ ਸਾਹਿਤ (ਡਾ. ਸਾਹਿਬ ਦੇ ਸ਼ਬਦਾਂ 'ਚ ਭੰਡਪੁਣੇ ਦੀ ਕਵਿਤਾ) ਦੇ ਫਰਕ ਤੇ ਚਾਨਣ ਪਾਉਣਾ ਸੀ। ਪਰ ਡਾ. ਚਮਨ ਲਾਲ ਹੋਰਾਂ ਨੇ ਪੇਪਰ 'ਚ ਜੋ ਵਿਸ਼ਾ ਛੋਹਿਆ ਹੈ ਉਹਦਾ ਵੀ ਨਾ ਤਾਂ ਸਹੀ ਮੁਲਿਆਂਕਣ ਕਰ ਸਕੇ ਨੇ ਨਾ ਸਹੀ ਵਿਸ਼ਲੇਸ਼ਣ ਹੀ ਕੀਤਾ ਹੈ। ਕੁਝ ਨਾਮੀ ਗਰਾਮੀ ਆਲੋਚਕਾਂ

ਦੀ ਕਲਮ ਚੁੱਕ ਕੇ ਊਲ-ਜਲੂਲ ਲਿਖ ਮਾਰਿਆ ਹੈ।

ਪਹਿਲੀ ਗੱਲ ਤਾਂ ਲੋਕ ਸ਼ੈਲੀ 'ਚ ਲਿਖਣ ਵਾਲੇ ਕੁਝ ਕਵੀਆਂ ਨੂੰ ਕਿਸੇ ਧਾਰਾ ਵਿਸ਼ੇਸ਼ 'ਚ ਨਹੀਂ ਬੰਨ੍ਹਿਆ ਜਾ ਸਕਦਾ। ਜਿਨ੍ਹਾਂ ਛੰਦਾਂ ਕਰਕੇ ਨਾਗਾਰਜੁਨ ਨੂੰ ਹਿੰਦੀ ਸਾਹਿਤ ਵਿਚ ਜਾਣਿਆ ਜਾਂਦਾ ਹੈ, ਜਦੋਂ ਵੀ ਉਹਨਾਂ ਦਾ ਜ਼ਿਕਰ ਆਇਆ ਸੂਰਿਆਕਾਂਤ ਤਿਰਪਾਠੀ 'ਨਿਰਾਲਾ' ਦਾ ਨਾਂ ਸਭ ਤੋਂ ਪਹਿਲਾਂ ਆਇਆ। ਨਾਗਾਰਜੁਨ ਅੱਜ ਵੀ ਕੋਰੀ ਸਪਾਟ ਬਿਆਨੀ ਦੇ ਮੱਟਮੈਲੇ ਫੈਲਾਅ ਤੋਂ ਬਚ ਕੇ ਭਾਵ ਭੰਗਿਮਾਵਾਂ ਦੀ ਅਨੰਤਤਾ ਦੇ ਬਿੰਬ ਅੰਕਿਤ ਨਹੀਂ ਕਰ ਸਕੇ। ਬੇਸ਼ਕ ਉਹਨਾਂ ਕਬੀਰ-ਨਿਰਾਲਾ ਦੀ ਸ਼ੈਲੀ ਵਿਚ ਹੀ ਲਿਖਿਆ ਹੈ। 'ਪੱਤਰ ਹੀਨ ਨਗਨ ਗਾਛ' ਲਈ ਸਾਹਿਤ ਅਕਾਦਮੀ ਅਵਾਰਡ ਜੇਤੂ ਬਾਬਾ ਨਾਗਾਰਜੁਨ ਦੀਆਂ ਉੱਚੇ ਪੱਧਰ ਦੀਆਂ ਕਮਜ਼ੋਰ ਕਵਿਤਾਵਾਂ ਦੇ ਸੰਗ੍ਰਹਿ 'ਤੁਮਨੇ ਕਹਾ ਥਾ' ਨੂੰ ਵੀ ਨਜ਼ਰ-ਨਹੀਂ ਕੀਤਾ ਜਾ ਸਕਦਾ। ਜਿਵੇਂ ਕਿ ਡਾ. ਚਮਨ ਲਾਲ ਹੋਰਾਂ ਦਾ ਕਹਿਣਾ ਹੈ ਕਿ "ਉਨ੍ਹਾਂ ਦੀ ਵਰਨਣ ਸ਼ੈਲੀ ਭਾਵੇਂ ਉਪਰੋਂ ਬੜੀ ਸਪਾਟ ਲੱਗਦੀ ਹੈ ਪਰ ਉਸਦਾ ਅਸਰ ਕਾਵਿ ਭਰਪੂਰ ਹੁੰਦਾ ਹੈ।" ਪਰ 'ਤੁਮਨੇ ਕਹਾ ਥਾ' ਕਾਵਿ ਸੰਗ੍ਰਹਿ ਵਿਚ ਉਹ ਮੋਰਾਰਜੀ ਦਿਸਾਈ ਬਾਰੇ ਲਿਖਦੇ ਹਨ –

"ਫੈਲ ਗਿਆ ਹੈ ਦਿਵਿਆ ਮੂਤਰ ਦਾ ਲੂਣ ਸਰੋਵਰ..."

ਅਤੇ ਇਕ ਹੋਰ ਥਾਂ ਤੇ

ਓਹ ਅੰਦਰੋਂ ਬਾਂਸ ਕਰਨਗੇ
ਮੈਂ ਬਾਹਰੋਂ ਬਾਂਸ ਕਰਾਂਗਾ
ਮੈਂ ਇਹਨਾਂ ਦੀ ਐਸੀ ਤੈਸੀ ਕਰ ਦਿਆਂਗਾ
ਜੀ ਹਾਂ ਮੈਂ ਆਪਣੇ ਮਨ ਦਾ ਰਾਜਾ
ਆਪਣੀ ਪਿੰਡ ਲਕਸ਼ਮੀ ਦਾ ਨਾਰਾਇਣ ਹਾਂ
ਨਹਿਰੂ ਦੀ ਪੁਤਰੀ ਦਾ ਗਰਾਇਣ ਹਾਂ
ਜੀ ਹਾਂ ਮੈਂ ਰਾਜ ਨਰਾਇਣ ਹਾਂ।

ਇਹਨਾਂ ਪੰਕਤੀਆਂ 'ਵਿਚ ਛੰਦਿਤ ਬਿੰਬ ਤੇ ਸਪਾਟ ਬਿਆਨੀ ਉਹਨਾਂ ਦੇ ਸਨਕੀ ਸੁਭਾ ਦਾ ਉਹਨਾ ਦੀ ਰਚਨਾ-ਸ਼ਕਤੀ ਉਤੇ ਹਾਵੀ ਹੋਣਾ ਦਰਸਾਂਦੀ ਹੈ। ਡਾ. ਸਾਹਿਬ ਤੇ ਇਹ ਪੰਕਤੀਆਂ ਵੀ ਕਾਵਿ ਭਰਪੂਰ ਅਸਰ ਛਡਦੀਆਂ ਨੇ? ਬੇਸ਼ਕ ਬਾਬਾ ਆਪਣੇ ਸਮੇਂ ਦੇ ਮਹਾਨ ਸਾਮਵਾਦੀ ਕਵੀ ਨੇ, ਜਿਨ੍ਹਾਂ ਨੇ ਆਪਣੀਆਂ ਅਮਰ ਕਵਿਤਾਵਾਂ ਨਾਲ ਹਿੰਦੀ ਜਨਵਾਦੀ ਸਾਹਿਤ ਨੂੰ ਮਾਲਾਮਾਲ ਕੀਤਾ ਹੈ, ਪਰ ਇਹਨਾਂ ਦੀਆਂ ਉਹ ਰਚਨਾਵਾਂ ਵੀ ਹਨ, ਜਿਨ੍ਹਾਂ ਵਿਚ ਆਸਥਾ ਤੇ ਉਹਦੇ ਨਾਲ ਜੁੜੀ ਹੋਈ ਆਸ ਗਵਾਚ ਗਈ ਹੈ।

ਗੋਰਖ ਪਾਂਡੇ ਦਾ ਗੀਤ 'ਜਨਤਾ ਕੇ ਪਲਟਨਿ' ਕਵਿਤਾ ਦੀਆਂ ਸੀਮਾਵਾਂ ਵਿਚ ਹੀ ਹੈ। ਡਾ. ਸਾਹਿਬ ਆਲੋਚਨਾ ਦੀਆਂ ਸੀਮਾਵਾਂ ਟੱਪ ਗਏ ਨੇ। ਮੇਰੀ ਸਲਾਹ ਏ ਬੰਦ ਕਮਰਿਆਂ 'ਚ ਵਿਚਾਰ ਗੋਸ਼ਠੀਆਂ ਦੇ ਸੀਮਤ ਮਹੌਲ ਚੋਂ ਨਿਕਲਕੇ ਡਾ. ਸਾਹਿਬ ਕਦੇ ਬਿਹਾਰ ਜਾਣ ਤੇ ਮਜ਼ਦੂਰ ਕਿੰਸਾਨਾਂ ਦੀ ਰੈਲੀ ਵਿਚ ਸ਼ਾਮਲ ਹੋ ਕੇ ਜਨ-ਸਮੁੰਦਰ ਦਾ ਨਜ਼ਾਰਾ ਦੇਖਣ ਤੇ ਉਸ ਵਕਤ ਗੋਰਖ ਪਾਂਡੇ ਦੀ ਕਵਿਤਾ ਪੜ੍ਹਨ।

ਪੇਪਰ ਵਿਚ ਮੁਕਤੀਬੋਧ ਦੇ ਸਸ਼ਕਤ ਅਤੇ ਜੀਵੰਤ ਬਿੰਬਾਂ ਨੂੰ ਆਖਿਰ ਕਿਹੜੀ ਗੱਲੋਂ ਜਟਿਲ ਕਿਹਾ ਗਿਆ ਹੈ? ਕੀ ਉਹ ਡਾ. ਸਾਹਿਬ ਦੀ ਸਮਝ ਤੋਂ ਬਾਹਰ ਹਨ? ਮੁਕਤੀਬੋਧ ਦੀ ਚੇਤੰਨ ਦਿਸ਼ਾ ਮੁਕਤੀ ਦੇ ਰਾਹ ਦੀ ਹੈ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਉਹ ਪ੍ਰੇਰਨਾ ਦਾ ਸਰੋਤ ਤੇ ਆਦਰਸ਼ ਕਵੀ ਬਣ ਗਏ ਹਨ ਅਤੇ ਇਹ ਵੀ ਇਤਰਾਜ਼ ਹੈ ਕਿ ਉਹਨਾਂ ਦੀ ਕਵਿਤਾ ਸੰਘਰਸ਼ਸ਼ੀਲ ਜਨਤਾ ਦੀਆਂ ਲੋੜਾਂ ਪੂਰੀਆਂ ਨਹੀਂ ਕਰਦੀ। 'ਹਨੇਰੇ ਵਿਚ' ਕਵਿਤਾ ਬਾਰੇ ਡਾ. ਰਾਮ ਵਿਲਾਸ ਸ਼ਰਮਾ ਦੀ ਚਿੰਤਾ ਦੀ ਮਿਸਾਲ ਤੇ ਮੁਕਤੀਬੋਧ ਬਾਰੇ ਇਹ ਕਹਿਣਾ ਕਿ 'ਮੱਧ ਵਰਗ ਵਿਚ ਅਜਿਹੇ ਕਵੀ ਤਾਂ ਪੈਦਾ ਹੁੰਦੇ ਹੀ ਰਹਿਣਗੇ' ਇਹਨਾਂ ਗੱਲਾਂ ਤੋਂ ਡਾ. ਚਮਨ ਲਾਲ ਹੋਰਾਂ ਦੀ ਈਰਖਾ ਅਤੇ ਸੰਕੀਰਨ ਦ੍ਰਿਸ਼ਟੀ ਅਤੇ ਸੋਚ ਦਾ ਪਰਿਚੈ ਮਿਲਦਾ ਹੈ।

ਧੂਮਿਲ ਦੇ ਕਾਵਿ ਸੰਗ੍ਰਹਿ 'ਸੰਸਦ ਤੋਂ ਸੜਕ ਤੱਕ' ਬਾਰੇ ਡਾ. ਸਾਹਿਬ ਲਿਖਦੇ ਹਨ—"ਧੂਮਿਲ ਦੀ ਕਾਵਿ

## ਚੰਦਨ ਦੀਆਂ ਸਲਾਹਾਂ ਬਾਰੇ

ਸਮੁੱਚੇ ਤੌਰ ਤੇ ਚੰਦਨ ਦੀਆਂ ਸਲਾਹਾਂ ਵਿਚ ਕਾਫੀ ਵਜ਼ਨ ਹੈ, ਪਰ ਉਸਦੀਆਂ ਦੋ ਗੱਲਾਂ ਬੜੀਆਂ ਰੂੜੀਵਾਦੀ ਲਗਦੀਆਂ ਹਨ: ਕਵਿਤਾ ਨੂੰ ਨਾਅਰਾ ਬਣਾਉਣ ਅਤੇ ਗ਼ਜ਼ਲ ਨੂੰ ਤਾਕ ਉਤੇ ਰੱਖ ਦੇਣਾ। ਕਵਿਤਾ ਨੂੰ ਨਾਅਰਾ ਬਨਣ ਤੋਂ ਬਚਾਉਣਾ ਤਾਂ ਸਗੋਂ ਸਾਡਾ ਨਾਅਰਾ ਹੋਣਾ ਚਾਹੀਦਾ ਹੈ। ਉਹ ਲਿਖਦਾ ਹੈ ਕਿ ਨਾਅਰਾ ਕੋਈ ਖੋਟ ਸਹਾਰ ਹੀ ਨਹੀਂ ਸਕਦਾ, ਪਰ ਸਮਕਾਲੀ ਯੁਗ ਵਿਚ 'ਖਰਾ' ਨਾਅਰਾ ਮੈਨੂੰ ਤਾਂ ਕਿਤੇ ਨਜ਼ਰ ਨਹੀਂ ਆਇਆ। ਅਰੂਜ਼-ਪਿੰਗਲ ਦੇ ਇਲਮ ਦੀ ਗੱਲ ਤਾਂ ਠੀਕ ਸਮਝ ਔਂਦੀ ਹੈ ਪਰ ਗ਼ਜ਼ਲ ਨੂੰ ਦਸ ਸਾਲ ਲਈ ਤਾਕ ਤੇ ਰੱਖਣ ਦਾ ਮਸ਼ਵਰਾ ਬੜਾ ਹੀ ਗ਼ੈਰ-ਵਿਗਿਆਨਕ ਲਗਦਾ ਹੈ। ਨੁਕਸ ਕਿਸੇ ਸਾਹਿਤਕ ਰੂਪ ਵਿਚ ਨਹੀਂ ਹੁੰਦਾ; ਨੁਕਸ ਹੁੰਦਾ ਹੈ ਉਸ ਸਾਹਿਤਕ-ਰੂਪ ਨੂੰ ਵਰਤਣ ਵਾਲੀ ਕਲਮ ਵਿਚ।

**ਇਕਬਾਲ ਰਾਮੂਵਾਲੀਆ**

ਰਚਨਾ ਵੀ ਨਕਸਲਬਾੜੀ ਲਹਿਰ ਤੋਂ ਪ੍ਰਭਾਵਤ ਹੈ। ਇਸ ਲਈ ਉਨ੍ਹਾਂ ਦੇ ਪਹਿਲੇ ਕਾਵਿ ਸੰਗ੍ਰਿਹ ਦੇ ਨਾਂ ਤੇ ਵਿਚਲੀਆਂ ਕਵਿਤਾਵਾਂ ਨੇ ਕਾਫ਼ੀ ਸਨਸਨੀ ਫ਼ੈਲਾਈ"। ਕਿਸੇ ਲਹਿਰ ਦਾ ਪ੍ਰਭਾਵ ਮਾਤਰ ਹੀ ਕਿਸੇ ਰਚਨਾ ਨੂੰ ਉੱਤਮ ਬਣਾ ਸਕਦਾ ਹੈ, ਕਿੰਨੀ ਹਾਸੋਹੀਣੀ ਗੱਲ ਹੈ। ਧੂਮਿਲ ਦੀਆਂ ਮਹਾਨ ਰਚਨਾਵਾਂ ਦਾ ਇਹ ਅਪਮਾਨ ਹੈ।

ਧੂਮਿਲ ਦੀ ਲੰਬੀ ਕਵਿਤਾ ਪਟਕਥਾ ਬਾਰੇ ਇਹ ਇਲਜ਼ਾਮ ਲਾਇਆ ਗਿਆ ਹੈ ਕਿ ਕੁਝ ਹੱਦ ਤੱਕ ਇਹ ਕਵਿਤਾ ਮੁਕਤੀਬੋਧ ਦੀ 'ਹਨੇਰੇ ਵਿਚ' ਕਵਿਤਾ ਦੇ ਪੈਟਰਨ ਤੇ ਰਚੀ ਗਈ ਹੈ। ਦੋਵੇਂ ਕਵਿਤਾਵਾਂ ਨੂੰ ਪੜ੍ਹ ਕੇ ਦੇਖੋ–ਧੂਮਿਲ ਦੀ 'ਪਟਕਥਾ' 'ਚ ਛੰਦ ਦੇ ਬੰਧਨ ਤੋਂ ਮੁਕਤ ਨਵੀਂ ਬੋਲਚਾਲ ਦੀ ਲੈਆਤਮਕ ਸ਼ੈਲੀ ਦਾ ਸਸ਼ਕਤ ਪ੍ਰਯੋਗ ਮਿਲਦਾ ਹੈ ਅਤੇ ਮੁਕਤੀਬੋਧ ਦੀ 'ਹਨੇਰੇ ਵਿਚ' ਵਾਲੀ ਛੰਦ ਮੁਕਤ, ਲੈਅ ਮੁਕਤ ਅਨੋਖੀ ਸ਼ੈਲੀ ਨਾਲ ਕਿਤੇ ਵੀ ਮੇਲ ਨਹੀਂ ਖਾਂਦੀ।

ਸਹੀ ਮੁਲਿਆਂਕਨ ਪਾਠਕ ਜਾਂ ਅਗਾਂਹਵਧੂ ਲੇਖਕ ਨੂੰ ਪਰਖ ਦ੍ਰਿਸ਼ਟੀ ਦਿੰਦਾ ਹੈ ਤੇ ਗਲਤ ਮੁਲਿਆਂਕਨ ਜ਼ਿਸ਼ਾ ਭਰਮ ਤੇ ਵਿਵਾਦ ਹੀ ਨਹੀਂ ਪੈਦਾ ਕਰਦਾ ਬਲਕਿ ਮਹਾਨ ਲੇਖਕਾਂ ਦਾ ਅਪਮਾਨ ਵੀ ਕਰਦਾ ਹੈ। ਸਹੀ ਮੁਲਿਆਂਕਨ ਵਾਸਤੇ ਪਰਿਪੱਕਵ ਆਲੋਚਨਾ ਦ੍ਰਿਸ਼ਟੀ ਦਾ ਹੋਣਾ ਬਹੁਤ ਜ਼ਰੂਰੀ ਹੈ। —ਦੇਵਿੰਦਰਪਾਲ

o

---

ਪੁਸਤਕ ਪਹਿਚਾਣ

## "ਕਲਾ, ਸਮਾਜ ਤੇ ਰਾਜਨੀਤੀ"

ਲੇਖਕ : ਗੁਰਬਖਸ਼ ਜੱਸ ਪੰਨੇ 112, ਕੀਮਤ : 10 ਰੁ:
ਪ੍ਰਕਾਸ਼ਕ : ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਅੰਮ੍ਰਿਤਸਰ।

---

"ਕਲਾ, ਸਮਾਜ ਤੇ ਰਾਜਨੀਤੀ" ਗੁਰਬਖਸ਼ ਜੱਸ ਵੱਲੋਂ ਲਿਖੇ ਲੇਖਾਂ ਦੀ ਕਿਤਾਬ ਹੈ। ਇਸ ਕਿਤਾਬ ਵਿਚਲੇ ਅੱਠੇ ਲੇਖ ਸਾਡੇ ਅੱਜ ਦੇ ਸਮਾਜ, ਰਾਜਨੀਤੀ, ਪੰਜਾਬੀ ਲੇਖਕਾਂ ਸਭਿਆਚਾਰ ਅਤੇ ਔਰਤ ਦੀ ਆਜ਼ਾਦੀ ਦੇ ਬਾਰੇ ਹਨ।

ਕਿਤਾਬ ਵਿਚਲੇ ਲੇਖ "ਲਚਰ ਗੀਤਾਂ ਦਾ ਸਾਡੇ ਸਭਿਆਚਾਰ ਤੇ ਮਾਰੂ ਪ੍ਰਭਾਵ" ਵਿਚ ਜਸ ਲਿਖਦਾ ਹੈ "ਕਿ ਕਲਾ ਸਮਾਜ ਵਿਚ ਹਰ ਜਮਾਤ ਦੇ ਹੱਥ ਵਿਚ ਆਪਣਾ ਮੰਤਵ ਹੱਲ ਕਰਨ ਲਈ ਹਮੇਸ਼ਾ ਇਕ ਹਥਿਆਰ ਹੁੰਦੀ ਹੈ, ਜੋ ਅੱਜ ਵੀ ਹੈ। ਸੋ ਜਦੋਂ ਇਹ ਸੰਗੀਤ ਜਾਂ ਗੀਤਾਂ ਦੀ ਕਲਾ ਹਾਕਮ ਜਮਾਤ ਦੇ ਹੱਥ ਵਿਚ ਹੋਵੇਗੀ (ਜਿਵੇਂ ਕਿ ਅੱਜ ਹੈ) ਤਾਂ ਉਹ ਉਹਨੂੰ ਸੁਭਾਵਕ ਹੀ ਆਪਣੇ ਸੁਆਰਥੀ ਹਿਤਾਂ ਦੀ ਪੂਰਤੀ ਲਈ ਵਰਤਣਗੀਆਂ।

ਜੱਸ ਨੇ ਆਪਣੇ ਲੇਖਾਂ ਵਿਚ, ਪਿਛਲੇ ਚਾਰ, ਪੰਜ ਸਾਲਾਂ ਅੰਦਰ ਚੱਲੀ ਫਿਰਕੂ ਅਤੇ ਧਾਰਮਿਕ ਜਨੂੰਨ ਦੀ ਹਨੇਰੀ ਦਾ ਡਟ ਕੇ ਵਿਰੋਧ ਹੀ ਨਹੀਂ ਕੀਤਾ ਸਗੋਂ ਦਲੀਲ ਦੀ ਅਵਾਜ਼ ਨੂੰ ਬੁਲੰਦ ਰਖਿਆ ਅਤੇ ਮਿਹਨਤ–ਕਸ਼ ਜਮਾਤ ਦੀ ਵਿਚਾਰਧਾਰਾ ਦਾ ਦ੍ਰਿੜਤਾ ਨਾਲ ਪੱਖ ਵੀ ਲਿਆ ਹੈ। ਜੱਸ ਦੇ ਲੇਖ ਸਮੇਂ ਸਮੇਂ 'ਸਮਤਾ' ਅਤੇ ਹੋਰ ਅਗਾਂਹਵਧੂ ਮੈਗਜ਼ੀਨਾਂ ਅਤੇ ਅਖਬਾਰਾਂ ਵਿਚ ਛਪਦੇ ਰਹੇ ਨੇ।

ਜੱਸ ਲਿਖਦਾ ਹੈ "ਸਾਹਿਤ ਅਤੇ ਕਲਾ ਦਾ ਇਕ ਅਹਿਮ ਮੰਤਵ ਹੈ ਕਿ ਕਲਾ ਕਿਰਤਾਂ ਦੀ ਸਿਰਜਣਾ ਰਾਹੀਂ ਮਨੁੱਖ ਦੀ ਛੁਪੀ ਹੋਈ ਮਨੁੱਖਤਾ ਦੀ ਉਹਨੂੰ ਪਹਿਚਾਣ ਕਰਵਾਈ ਜਾਵੇ–ਉਹਨੂੰ ਉਹਦੀ ਜਮਾਂਦਰੂ (ਆਦਿਮ ਅਵਸਥਾ ਵਾਲੀ) ਚੰਗਿਆਈ ਤੋਂ ਜਾਣੂ ਕਰਵਾਇਆ ਜਾਵੇ। ਸਾਹਿਤ ਅਤੇ ਫ਼ਲਸਫ਼ੇ ਦਾ ਅਸਲੀ ਮੰਤਵ ਇਕ ਵਧੀਆ ਮਨੁੱਖ ਦੀ ਸਿਰਜਣਾ ਕਰਨਾ ਹੈ। ਉਹ ਮਨੁੱਖ ਜੋ ਧਰਮਾਂ, ਜਾਤਾਂ, ਫ਼ਿਰਕਿਆਂ ਤੋਂ ਉਪਰ ਉਠ ਕੇ ਸੰਸਾਰ ਭਾਈਚਾਰੇ ਦਾ ਝੰਡਾ ਬੁਲੰਦ ਕਰੇ। ਸਾਹਿਤ ਦੇ ਇਸ ਮੰਤਵ ਨੂੰ ਮੁੱਖ ਰੱਖ ਕੇ ਹੀ ਗੁਰਬਖਸ਼ ਜੱਸ ਨੇ ਇਹ ਕਿਤਾਬ ਲਿਖੀ ਹੈ।

ਹੁਣ ਜਦੋਂ ਕਿ ਅਸੀਂ ਇਕ ਅਜਿਹੇ ਸਮਾਜ ਵਿਚ ਜੀਅ ਰਹੇ ਹੋਈਏ, ਜਿਥੇ ਕੋਈ ਸਮਾਜਿਕ ਨਿਆਂ ਨਾ ਹੋਵੇ, ਰਾਜਨੀਤਕ ਹੇਰਾ–ਫੇਰੀਆਂ ਹੋ ਰਹੀਆਂ ਹੋਣ, ਲੱਚਰ ਸਾਹਿਤ ਦਾ ਬੋਲ–ਬਾਲਾ ਹੋ ਰਿਹਾ ਹੋਵੇ. ਤੇ ਉਸ ਵੇਲੇ ਸਾਨੂੰ "ਕਲਾ, ਸਮਾਜ ਤੇ ਰਾਜਨੀਤੀ" ਜਿਹੀਆਂ ਪੁਸਤਕਾਂ ਸਿਰਫ ਪੜ੍ਹਨ ਦੀ ਹੀ ਨਹੀਂ ਸਗੋਂ ਹੋਰ ਵੀ ਲੋਕਾਂ ਨੂੰ ਪੜ੍ਹਾਉਣ ਦੀ ਲੋੜ ਹੈ ਤਾਂ ਜੋ ਅਸੀਂ ਲੋਕ–ਪੱਖੀ ਸਾਹਿਤ ਨੂੰ ਪ੍ਰਫੁੱਲਤ ਹੁੰਦਾ ਵੇਖ ਸਕੀਏ।

ਲੇਖਕ ਦਾ ਇਹ ਕਹਿਣਾ ਹੈ ਕਿ ਜਿਹੜੇ ਵੀ ਫਲਸਫੇ ਦਾ ਆਧਾਰ ਮਨੁੱਖ ਜਾਂ ਮਨੁੱਖੀ ਕਲਿਆਣ ਨਹੀਂ, ਉਹ ਫ਼ਲਸਫ਼ਾ ਸਾਨੂੰ ਰੱਦ ਕਰ ਦੇਣਾ ਪਵੇਗਾ। ਜੇ ਅਸੀਂ ਇਤਿਹਾਸ ਦੇ ਪਹੀਏ ਨੂੰ ਅੱਗਾਂਹ ਤੋਰਨਾ ਹੈ।

"ਸਮਕਾਲੀ ਪ੍ਰਸਥਿਤੀਆਂ ਤੇ ਪੰਜਾਬੀ ਲੇਖਕਾਂ ਦਾ ਰੋਲ" ਵਿਚ ਜੱਸ ਨੇ ਸੱਪਸ਼ਟ ਕੀਤਾ ਹੈ ਕਿ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਦੇ ਵਿਕਾਸ ਨੂੰ ਸਭ ਤੋਂ ਵੱਧ ਨੁਕਸਾਨ ਧਰਮ ਅਤੇ ਫਿਰਕਾਪ੍ਰਸਤੀ ਨੇ ਪਹੁੰਚਾਇਆ ਹੈ ਅਤੇ ਅੱਗੋਂ ਵੀ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਵਿਕਾਸ ਨੂੰ ਜੋ ਵੀ ਨੁਕਸਾਨ ਪਹੁੰਚੇਗਾ ਉਹ ਧਾਰਮਕ ਜਨੂੰਨ ਅਤੇ ਫਿਰਕਾਪ੍ਰਸਤੀ ਹੀ ਪਹੁੰਚਾਣਗੇ। ਲੇਖਕ ਲਿਖਦਾ ਹੈ ਕਿ ਅਸੀਂ ਲੋਕ–ਪੱਖੀ ਕਲਾਕਾਰ, ਬੁਧੀਜੀਵੀ ਅਤੇ ਸਭਿਆ–

ਚਾਰਕ ਕਾਮੇ "ਅਸੀਂ ਥੋੜੇ ਹੀ ਨਹੀਂ ਸਗੋਂ ਬਹੁਤ ਥੋੜੇ ਹਾਂ"। ਇਹਨਾਂ ਲਾਈਨਾਂ ਵਿਚ ਜ਼ਿੰਦਗੀ ਦਾ ਸੱਚ ਹੈ, ਨਿਚੋੜ ਹੈ ਕਿ ਅਸੀਂ ਅਜੇ ਬਹੁਤ ਥੋੜੇ ਹਾਂ ਸਾਨੂੰ ਲੋੜ ਹੈ ਅਸੀਂ ਵੱਧ ਤੋਂ ਵੱਧ ਲੋਕਾਂ ਤੱਕ ਚੰਗਾ ਸਾਹਿਤ ਪਹੁੰਚਾਈਏ ਤਾਂ ਜੋ ਲੋਕ ਚੇਤੰਨ ਹੋ ਕੇ ਹੱਕਾਂ ਦੀ ਆਵਾਜ਼ ਨੂੰ ਬੁਲੰਦ ਕਰ ਸਕਣ।

ਜੱਸ ਉਹਨਾਂ ਲੇਖਕਾਂ ਵਿਚੋਂ ਇਕ ਹੈ ਜੋ ਕਿਸੇ ਵੀ ਕਿਸਮ ਦਾ ਸਮਝੌਤਾ ਨਹੀਂ ਕਰਦੇ ਸਗੋਂ ਇਕ ਦ੍ਰਿੜ ਇਰਾਦਾ ਰੱਖਦੇ ਨੇ, ਤੇ ਕੁਝ ਕਰਨ ਲਈ ਸਿਰ ਤੋੜ ਕੋਸ਼ਿਸ਼ ਕਰ ਰਹੇ ਨੇ। ਅੱਜ ਦੇ ਸਮਾਜ ਨੂੰ ਅਜਿਹੀਆਂ ਹੀ ਪੁਸਤਕਾਂ ਦੀ ਲੋੜ ਹੈ ਜੋ ਸਾਨੂੰ ਸਮਾਜਿਕ ਚੇਤਨਾ ਦੇ ਸਕਣ। ਸਗੋਂ ਅਜਿਹੀਆਂ ਪੁਸਤਕਾਂ ਦਾ ਹੋਰ ਵੀ ਜ਼ਬਾਨਾਂ ਵਿਚ ਅਨੁਵਾਦ ਕਰਕੇ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚਾਣਾ ਚਾਹੀਦਾ ਹੈ। ਲੋਕਾਂ ਦੇ ਸੰਘਰਸ਼ ਵਿਚ ਸਾਹਿਤ ਅਤੇ ਕਲਾ ਦੀ ਭੂਮਿਕਾ ਦੀ ਇਹ ਇਕ ਕਲਾਸੀਕਲ ਮਿਸਾਲ ਹੈ ਅਸੀਂ ਇਸਨੂੰ "ਜੀ ਆਇਆਂ" ਆਖਦੇ ਹਾਂ।

**–ਕੇਵਲ ਧਾਲੀਵਾਲ**

---

## ਪਾਠਕ ਲੇਖਕ ਫੋਰਮ

### 1 ਇਕ ਚਿੱਠੀ ਤੇ ਉਹਦਾ ਜਵਾਬ—ਮਸਲਾ ਪੰਜਾਬ ਹਰਿਆਣੇ ਦਾ

ਜਨਵਰੀ ਦੀ ਸਮਤਾ ਵਿੱਚ, ਸਤਲੁਜ-ਜਮੁਨਾ ਲਿੰਕ ਨਹਿਰ ਬਾਰੇ, ਤੁਹਾਡੇ ਵਲੋਂ ਪੰਜਾਬੀਆਂ ਨੂੰ ਦਿੱਤੀ ਸਲਾਹ ਜੱਚਦੀ ਨਹੀਂ ਹੈ। ਕਿਉਂ ਕਿ ਇਹ ਗੈਰ ਵਿਧਾਨਕ ਤੇ ਪੰਜਾਬ ਵਿਰੋਧੀ ਹੈ। ਮੈਂ ਤਾਂ ਹੈਰਾਨ ਹਾਂ ਕਿ ਪੰਜਾਬ ਦੇ ਕਾਮਰੇਡ ਪੰਜਾਬ ਦੇ ਕੁਦਰਤੀ ਸੋਮਿਆਂ ਦੇ ਹੱਕਾਂ ਬਾਰੇ ਇਸ ਲਈ ਲੜਨੋਂ ਤੋਂ ਬੱਚਦੇ ਹਨ ਕਿ ਕਿਤੇ ਉਹ 'ਫਿਰਕੂ' ਨਾ ਗਰਦਾਨੇ ਜਾਣ। ਪਰ ਮੈਂ ਯਾਦ ਕਰਵਾਂਦਾ ਹਾਂ ਕਿ ਜਦੋਂ 1954 ਵਿਚ ਕਾਮਰੇਡ ਸੁੰਦਰੀਆ, ਐਸੰਬਲੀ ਵਿਚ, ਕ੍ਰਿਸ਼ਨਾ ਦਰਿਆ ਉਤੇ, ਆਂਧਰਾ ਦਾ ਪੂਰੇ ਹੱਕ ਬਾਰੇ ਬਿਆਨ ਦੇ ਰਿਹਾ ਸੀ ਤਾਂ ਉਹ ਫਿਰਕੂ ਨਹੀਂ ਸੀ ਬਣ ਰਿਹਾ। ਕਾਮਰੇਡ ਸੁੰਦਰੀਆ ਨੇ ਐਸੰਬਲੀ ਵਿਚ ਕਿਹਾ ਕਿ ਇਹ ਭਾਰਤੀ ਸੰਵਿਧਾਨ ਹੈ ਜੋ ਵਿਧਾਨ ਦੀ ਸਡਿਊਲ ਸਤਵੀਂ ਦੀ ਸੂਚੀ ਨੰ: ਦੋ, ਦੀ 17ਵੀਂ ਇੰਟਰੀ ਮੁਤਾਬਕ, ਆਂਧਰਾ ਨੂੰ ਕ੍ਰਿਸ਼ਨਾਂ ਉਤੇ ਅਧਿਕਾਰ ਦਿੰਦਾ ਹੈ। ਤੇ ਵਿਧਾਨ ਦੀ ਧਾਰਾ 246 (3) ਮੁਤਾਬਿਕ ਆਂਧਰਾ ਪ੍ਰਦੇਸ ਕ੍ਰਿਸ਼ਨਾਂ ਦਰਿਆ ਦੇ ਪਾਣੀ ਦੀ ਵਰਤੋਂ ਕਰ ਸਕਦਾ ਹੈ। ਤਾਮਿਲਨਾਡੂ ਨੂੰ ਪਾਣੀ ਦੇਣ ਬਾਰੇ ਉਹ ਕਹਿੰਦਾ ਹੈ ਭਰਾ-ਭਰਾ ਤਾਂ ਹੁੰਦੇ ਹਨ,ਪਰ ਕਨੂੰਨ ਮੁਤਾਬਕ ਸਾਡਾ ਜੋ ਹੱਕ ਹੈ ਨਹੀਂ ਛੱਡ ਸਕਦੇ।

ਕਾਮਰੇਡ ਸੁੰਦਰੀਆ ਨੂੰ-ਲੋਕ ਕਹਿੰਦੇ ਸਨ ਕਿ ਤਾਮਲਨਾਡੂ ਨੂੰ ਭਰਾਵਾਂ ਵਾਲੀ ਰੌਂਹ ਵਿਚ ਪਾਣੀ ਛੱਡ ਦੇਣਾ ਚਾਹੀਦਾ ਹੈ ਪਰ ਸੁੰਦਰੀਆ ਨੇ ਜਵਾਬ ਦਿੱਤਾ ਸੀ ਕਿ ਕਨੂੰਨ ਮੁਤਾਬਕ ਹੱਕ ਹੱਕ ਹੀ ਹੁੰਦਾ ਹੈ ਤੇ ਭਰਾਵਾਂ ਵਾਲੀਆਂ ਗੱਲਾਂ ਹੋਰ ਹੁੰਦੀਆਂ ਹਨ ਤੇ ਇਥੇ ਰਾਜਸਥਾਨ ਨੂੰ ਜੋ ਮਧ-ਪ੍ਰਦੇਸ ਵਾਲਿਆਂ ਨੇ (ਨੋਰਮਦਾ ਚੋਂ) ਭਰਾਵਾਂ ਵਾਲੀ ਗੱਲ ਨਹੀਂ ਕੀਤੀ ਤਾਂ ਫ਼ਿਰ ਪੰਜਾਬ ਮਗਰ ਡੰਡਾ ਲੈ ਕੇ ਕਿਉਂ ਫਿਰਦੇ ਹਨ। ਮੇਰੀ ਨਜ਼ਰ ਵਿਚ ਮਾਮਲਾ ਆਰਥਕ ਲੁਟ ਦਾ ਹੈ, ਫਿਰਕੂ ਜਨੂੰਨ ਨੰਬਰ ਦੋ ਤੇ ਹੈ।

ਜੇ ਕਾਮਰੇਡ ਸੁੰਦਰੀਆ ਇਉਂ ਕਹਿ ਸਕਦਾ ਹੈ, ਤੁਸੀਂ ਵੀ ਕਹੋ ਕਿ ਸਤਲੁਜ ਰਾਵੀ ਤੇ ਬਿਆਸ ਪੰਜਾਬ ਦੇ ਹੀ ਦਰਿਆ ਹਨ। ਮੰਨ ਲਉ ਹਰਿਆਣਾ ਆਪਣੇ ਹੱਕ ਵੀ ਜਤਲਾਉਂਦਾ ਹੈ ਤਾਂ ਪੰਜਾਬ ਸਮਝੌਤੇ ਦੀ ਤੀਜੀ ਮਦ ਉਤੇ ਕਿਹਾ ਗਿਆ ਹੈ ਕਿ 15 ਅਗਸਤ ਤੱਕ ਉਪ੍ਰੋਕਤ ਨਹਿਰ ਬਣ ਜਾਵੇਗੀ ਪਰ ਦੂਜੀ ਮੱਦ ਦਾ ਕੰਮ ਪਹਿਲਾਂ ਹੋਣਾ ਚਾਹੀਦਾ ਹੈ, ਉਹ ਇਹ ਕਿ ਜੋ ਅਣਵੰਡਿਆ ਪਾਣੀ ਹੈ, ਉਸਦੀ ਵੰਡ ਦਾ ਫੈਸਲਾ ਇਕ ਕਮਿਸ਼ਨ ਨੇ ਕਰਨਾ ਹੈ। ਸੋ ਤੁਸੀਂ ਇਉਂ ਕਹੋ ਕਿ ਪਹਿਲਾਂ ਪਾਣੀ ਵੰਡ ਬਾਰੇ ਕਮਿਸ਼ਨ ਤੋਂ ਹਰਿਆਣਾ ਫੈਸਲਾ ਲੈ ਲਵੇ। ਕੀ ਪਤਾ ਹੈ ਕਿ ਉਸਨੂੰ ਪਾਣੀ ਦੀ ਇਕ ਘੁੱਟ ਵੀ ਨਾ ਮਿਲੇ ਫਿਰ ਨਹਿਰ ਦਾ ਖਰਚਾ ਅਜਾਈਂ ਜਾ ਸਕਦਾ ਹੈ।

ਤੁਹਾਡੀ ਜਾਣਕਾਰੀ ਲਈ ਦਸ ਦੇਵਾਂ ਕਿ ਹਰਿਆਣਾ ਪੰਜਾਬ ਦੇ ਦਰਿਆਵਾਂ ਚੋਂ ਕਿਸੇ ਕਮਿਸ਼ਨ ਜਾਂ ਟਰੀਬਿਊਨਿਲ ਰਾਹੀਂ ਪਾਣੀ ਲੈਣ ਲਈ, ਮੁਢਲੀਆਂ ਸ਼ਰਤਾਂ ਕੁਆਲੀਫਾਈ ਨਹੀਂ ਕਰਦਾ ਤੇ ਉਸਨੂੰ ਆਪਣੀ ਹਾਰ ਸਾਫ ਦਿਸਦੀ ਹੈ, ਤਦੇ ਬਦਮਾਸ਼ ਕੇਂਦਰ ਨੇ ਹਾਲੇ ਤੀਕ ਪਾਣੀ-ਕਮਿਸ਼ਨ ਨਿਯੁਕਤ ਹੀ ਨਹੀਂ ਕੀਤਾ।

ਮੈਨੂੰ ਤਾਂ ਹੈਰਾਨੀ ਹੈ ਸਮੇਤ ਤੁਹਾਡਾ ਪਰਚਾ ਤੇ ਸਾਰੇ ਖੱਬੇ ਪਰਚੇ, ਪਾਣੀਆਂ ਬਾਰੇ ਆਪਣੇ ਵੱਰਕਰਾਂ ਨੂੰ ਵੀ ਜਾਣਕਾਰੀ ਅਧੂਰੀ ਦੇ ਰਹੇ ਹਨ। ਤੁਹਾਨੂੰ ਦਸਣਾ ਚਾਹੀਦਾ ਹੈ, ਰਾਜਿਸਥਾਨ ਨੇ ਜਦੋਂ 1969 ਵਿਚ ਨਰਮਦਾ ਚੋਂ ਪਾਣੀ ਦਾ ਹੱਕ ਮੰਗਿਆ ਸੀ ਤੇ ਟਰੀਬਿਊਨਿਲ ਨੇ ਉਸਨੂੰ ਡਿਸਕੁਆਲੀਫਾਈ ਕਰ ਦਿਤਾ ਸੀ। ਤੁਸੀਂ ਬੜੇ ਹੈਰਾਨ ਹੋਵੋਗੇ ਜਿਹੜਾ ਸਮਝੌਤਾ 29 ਜਨਵਰੀ 1955 ਦਾ ਕਹਾਉਂਦਾ ਹੈ, ਉਸ ਉਤੇ ਪੰਜਾਬ ਤੇ ਪੈਪਸੂ ਦੇ ਮੁਖ-ਮੰਤਰੀਆਂ ਦੇ ਦਸਖਤ ਹੀ ਨਹੀਂ ਹਨ ਅਤੇ ਰਾਜਿਸਥਾਨ ਨੂੰ ਪਾਣੀ ਧਿੰਗੋਜੋਰੀ ਹੀ ਦਿਤਾ ਗਿਆ ਹੈ। ਅੱਗੇ ਜਿਹੜਾ ਫੈਸਲਾ ਇੰਦਰਾ ਗਾਂਧੀ ਨੇ 24 ਮਾਰਚ 1976 ਨੂੰ ਸਤਲੁਜ ਜਮਨਾ ਲਿੰਕ ਨਹਿਰ ਪੁਟਕੇ, ਤੇ ਉਸ ਵਿਚ 305 M A F ਪਾਣੀ ਦੇਣ ਬਾਰੇ ਦਿੱਤਾ ਸੀ, ਉਹ ਪੰਜਾਬ ਵਾਸਤੇ, ਵਿਧਾਨ ਦੀ ਸੂਚੀ ਨੰ: ਚੋਂ 17ਵੀਂ ਇੰਟਰੀ ਮੇਟਣ ਦੇ ਬਰਾਬਰ

ੀ। ਬੜੀ ਅਜੀਬ ਗੱਲ ਹੈ, ਦਰਿਆ ਪੰਜਾਬ ਦੇ ਹਨ, ਫ਼ੈਸਲੇ ਕੋਈ ਕਰਦਾ ਹੈ।

ਤੁਸੀਂ ਹੋਰ ਵੀ ਹੈਰਾਨ ਹੋਵੋਗੇ, ਬੀਕਾਨੇਰ ਰਿਆਸਤ ਨੂੰ ਜੋ ਪਾਣੀ I M A F ਪਾਣੀ ਮੋਰਚ 1921 ਦੇ ਫ਼ੈਸਲੇ ਮੁਤਾਬਿਕ ਮਿਲਣ ਲੱਗਿਆ ਸੀ। ਉਸ ਪਾਣੀ ਦਾ ਮੁੱਲ ਬੀਕਾਨੇਰ ਰਿਆਸਤ ਨੂੰ ਪੰਜਾਬ ਨੂੰ ਦੇਣਾ ਪੈਂਦਾ ਸੀ। ਪਰ ਹੁਣ 36 ਹਜ਼ਾਰ ਕਰੋੜ ਰੁਪੈ ਦਾ ਪਾਣੀ ਐਵੇਂ ਖੋਹਿਆ ਗਿਆ ਹੈ।

ਇਹ ਪੰਜਾਬ ਦੇ ਲੋਕਾਂ ਨੇ ਘਰ ਬੈਠੇ ਹੀ ਕਨੂੰਨ ਨਹੀਂ ਬਣਾ ਲਿਆ, ਇਹ ਸਦੀਆਂ ਤੋਂ ਰਵਾਇਤਾਂ ਮੁਤਾਬਿਕ ਕਨੂੰਨ ਬਣੇ ਹਨ ਕਿ ਜਿਥੋਂ ਦੀ ਦਰਿਆ ਲੰਘਦੇ ਹੋਣ, ਉਹਨਾਂ ਪ੍ਰਾਂਤਾਂ ਦਾ ਹੀ ਉਸ ਦਰਿਆ ਦੇ ਹੱਕ ਹੁੰਦਾ ਹੈ। 1935 ਦੇ ਐਕਟ ਵਿਚ ਵੀ ਹੈ। ਤੇ 1919 ਦੇ ਐਕਟ ਵਿਚ ਵੀ ਹੈ। ਪਰ ਬੜਾ ਅਫ਼ਸੋਸ ਹੈ ਜਿਵੇਂ ਫਿਰਕੂ ਪਰੈਸ ਕਹਿ ਰਿਹਾ ਹੈ ਉਵੇਂ ਤੁਹਾਡਾ ਪਰਚਾ ਕਹਿ ਰਿਹਾ ਹੈ। ਇਹ ਕੰਮ ਪੰਜਾਬ ਕਿਸਾਨ ਸਭਾਵਾਂ ਦਾ ਸੀ। ਪਰ ਇਹਨਾਂ ਦੇ ਨਾਂ ਕੁਝ ਕਰਨ ਕਰਕੇ ਇਹ ਕੰਮ ਅਨਪੜ੍ਹ ਲੋਕਾਂ ਨੂੰ ਕਰਨਾ ਪਿਆ, ਤਦੇ ਦੁੱਖ ਸੱਭ ਨੇ ਸਹੇ। ਤੇ ਅਗਾਹਾਂ ਨੂੰ ਸਹਾਂਗੇ। ਸਹੀ ਸੇਧ ਦਿਉ।

**ਬਲਦੇਵ ਸਿੰਘ ਬੁੰਬੋਹਾ**

---

ਕਾਮਰੇਡ ਸੁੰਦਰੀਆ ਦਾ ਬਿਆਨ Dignity ਵਿੱਚ ਛਪ ਰਿਹਾ ਹੈ। ੦

---

ਬਲਦੇਵ ਸਿੰਘ ਜੀ,

ਤੁਸਾਂ ਆਪਣੀ ਚਿੱਠੀ ਵਿਚ ਜਿਹੜੇ ਕਾਨੂੰਨੀ ਨੁਕਤੇ ਉਠਾਏ ਹਨ, ਉਹਨਾਂ ਬਾਰੇ ਜੇਕਰ ਬਹਿਸ ਕਰੀਏ ਤਾਂ ਹੋਰ ਕਈ ਨੁਕਤੇ ਉਠ ਸਕਦੇ ਹਨ। ਭਾਰਤੀ ਕਾਨੂੰਨ ਵਿਚ ਇਹ ਇਕ 'ਗੁਣ' ਹੈ ਕਿ ਉਹਨੂੰ ਮੋਮ ਦੇ ਨੱਕ ਵਾਂਗ ਹਰ ਕੋਈ ਆਪਣੇ ਹੱਕ ਵਿਚ ਮੋੜ ਸਕਦਾ ਹੈ। ਸੈਂਟਰ ਦੀ ਕਾਂਗਰਸ ਸਰਕਾਰ ਨੇ ਪਿਛਲੇ 38 ਸਾਲ ਵਿਚ ਅਤੇ ਖਾਸ ਕਰਕੇ ਇੰਦਰਾ ਗਾਂਧੀ ਦੇ ਅਹਿਦ ਵਿਚ ਭਾਰਤੀ ਕਾਨੂੰਨ ਦੀਆਂ ਜੋ ਧੱਜੀਆਂ ਉੱਡ ਚੁੱਕੀਆਂ ਹਨ, ਉਹਦੀ ਰੋਸ਼ਨੀ ਵਿਚ ਹੁਣ ਕਾਨੂੰਨ ਦੀ ਦਲੀਲ ਲੈ ਕੇ ਕਿਸੇ ਫ਼ੈਸਲੇ ਤੇ ਉਪੜਨਾ ਬਹੁਤ ਮੁਸ਼ਕਿਲ ਹੈ। 19 ਸਾਲ ਹੋ ਗਏ ਹਨ ਪੰਜਾਬ–ਹਰਿਆਣਾ–ਹਿਮਾਚਲ ਪ੍ਰਦੇਸ਼ ਬਣਿਆ ਤੇ ਇਹਨਾਂ 19 ਸਾਲਾਂ ਵਿਚ ਬੁਰਜੂਆ ਸਿਆਸਤਦਾਨਾਂ ਨੇ (ਜਿਨ੍ਹਾਂ ਵਿਚ ਕਾਂਗਰਸ, ਅਕਾਲੀ, ਜੰਤਾ ਤੇ ਭਾਰਤੀ ਜੰਤਾ ਪਾਰਟੀਆਂ ਦੇ ਸਿਆਸਤਦਾਨ ਆਂਦੇ ਹਨ) ਜ਼ੋਰ ਲਗਾ ਕੇ ਵੱਖ ਵੱਖ ਸੂਬਿਆਂ ਦੇ ਲੋਕਾਂ ਵਿਚ ਇਕ ਦੂਜੇ ਦੇ ਵਿਰੁੱਧ ਨਫਰਤ ਦੇ ਬੀਜ ਬੀਜੇ ਹਨ। ਸੂਬਾਈ ਸ਼ਾਵਨਵਾਦ ਨੂੰ ਪੂਰੇ ਪੱਠੇ ਪਾਏ ਹਨ ਤੇ ਬਹੁਤ ਸਿਆਣੇ ਕਹਿੰਦੇ ਕਹਾਉਂਦੇ ਬੁੱਧੀਜੀਵੀ ਇਸ ਸ਼ਾਵਨਵਾਦ ਦੇ ਸ਼ਿਕਾਰ ਹੋਏ ਹਨ। ਤੁਸੀਂ ਕਮਿਊਨਿਸਟਾਂ ਬਾਰੇ ਜਿਹੜੀ ਗੱਲ ਮਿਹਣੇ ਦੇ ਤੌਰ ਤੇ ਕੀਤੀ ਹੈ, ਉਹ ਮੈਂ ਸਮਝਦਾ ਹਾਂ ਕਿ ਉਹਨਾਂ ਦੀ ਪ੍ਰਾਪਤੀ ਹੈ ਕਿ ਉਹ ਇਸ ਸ਼ਾਵਨਵਾਦ ਤੋਂ ਉਠ ਕੇ ਸਮੁੱਚੇ ਲੋਕਾਂ ਦੇ ਹਿੱਤਾਂ ਬਾਰੇ ਗੱਲ ਕਰ ਸਕੇ ਹਨ। ਮੌਜੂਦਾ ਹਾਲਾਤ ਵਿਚ ਪੰਜਾਬ ਸਮਝੌਤੇ ਦਾ ਲਾਗੂ ਹੋਣਾ ਦੋਵਾਂ ਸੂਬਿਆਂ ਦੇ ਲੋਕਾਂ ਦੇ ਹਿੱਤ ਵਿਚ ਹੈ। ਇਸ ਸਮਝੌਤੇ ਦੇ ਅਧੀਨ ਹੋਰ ਗੱਲਾਂ ਭਾਵੇਂ ਅਸਪਸ਼ਟ ਹਨ ਤੇ ਕਮਿਸ਼ਨਾਂ ਦੇ ਰਹਿਮ ਤੇ ਛੱਡੀਆਂ ਗਈਆਂ ਹਨ ਪਰ ਦੋ ਗੱਲਾਂ ਬਿਲਕੁਲ ਸੰਪੱਸ਼ਟ ਹਨ। 26 ਜਨਵਰੀ ਚੰਡੀਗੜ੍ਹ ਦਾ ਪੰਜਾਬ ਨੂੰ ਦਿੱਤੇ ਜਾਣਾ ਅਤੇ 15 ਅਗਸਤ ਤੱਕ ਸਤਲੁਜ ਯਮਨਾ ਲਿੰਕ ਨਹਿਰ ਦਾ ਨਿਕਲਨਾ। ਜਿਨ੍ਹਾਂ ਨੇ ਇਹ ਸਮਝੌਤਾ ਕੀਤਾ ਹੈ ਉਹ ਦੋਨੋਂ ਧਿਰਾਂ ਆਪਣੀ ਆਪਣੀ ਥਾਂ ਤੇ ਰਾਜ ਗੱਦੀ ਦੀਆਂ ਮਾਲਕ ਹਨ, ਇਹ ਸਮਝੌਤਾ ਪੂਰੀ ਤਰ੍ਹਾਂ ਦੋਨੋਂ ਪਾਸੇ ਤੋਂ ਲਾਗੂ ਕੀਤਾ ਜਾਏ, ਇਹ ਸਾਡੀ ਮੰਗ ਹੋਣੀ ਚਾਹੀਦੀ ਹੈ।

## 2. ਵਿਚਾਰ ਤੇ ਤਕਨੀਕ ਦਾ ਸਮਾਜ ਵਿਚ ਰੋਲ

ਪਿਛਲੇ ਦੋ ਅੰਕਾਂ ਤੋਂ ਸਮਤਾ ਵਲੋਂ ਸਮਾਜਕ ਤਜਰਬੇ ਰਾਹੀਂ ਰੱਦ ਹੋ ਚੁੱਕੀਆਂ ਧਾਰਨਾਵਾਂ ਤੋਂ ਖਹਿੜਾ ਛੁਡਾ ਕੇ ਅਗੇਰੇ ਵਧਣ ਦਾ ਜੋ ਉਪਰਾਲਾ ਕੀਤਾ ਗਿਆ ਹੈ ਉਸਨੇ ਪਾਠਕਾਂ ਵਿਚ ਕਾਫੀ ਹਲਚਲ ਪੈਦਾ ਕੀਤੀ ਹੈ। ਸਮਾਜ ਦੇ ਅਜੋਕੇ ਪੱਧਰ ਤੇ ਖੜ ਕੇ ਸੋਚਣ ਵਾਲੇ ਲੋਕਾਂ ਨੂੰ ਖੁਸ਼ੀ ਹੋਈ ਹੈ ਕਿ ਸੰਪਾਦਕ ਵਲੋਂ ਪੂਰੇ ਆਤਮ ਵਿਸ਼ਵਾਸ ਨਾਲ ਪੁਰਾਤਨਵਾਦ ਦਾ ਖਹਿੜਾ ਛੱਡਣ ਦਾ ਉਪਰਾਲਾ ਕੀਤਾ ਗਿਆ ਹੈ ਪਰ ਪੁਰਾਣੀ ਸੋਚ ਵਾਲੇ ਪਾਠਕਾਂ ਨੂੰ ਕਾਫੀ ਹੈਰਾਨੀ ਹੋਈ ਹੈ ਕਿ ਗੁਰਸ਼ਰਨ ਸਿੰਘ ਇਹ ਕੀ ਬੋਲ ਗਏ ਨੇ।

ਇਸ ਹੈਰਾਨੀ ਦੇ ਕੁਝ ਠੋਸ ਕਾਰਣ ਹਨ। ਹਾਕਮ ਜਮਾਤਾਂ ਮਿਹਨਤੀ ਲੋਕਾਂ ਨੂੰ ਸਿਰਫ ਤਾਕਤ ਦੇ ਜ਼ੋਰ ਹੀ ਗੁਲਾਮ ਨਹੀਂ ਰੱਖਦੀਆਂ, ਸਗੋਂ ਵਿਚਾਰਾਂ ਨੂੰ ਵੀ ਇਕ ਸ਼ਕਤੀਸ਼ਾਲ ਹਥਿਆਰ ਦੇ ਰੂਪ ਵਿਚ ਵਰਤਦੀਆਂ ਹਨ। ਸਮਾਜ ਦੇ ਪਿਛਲੇ ਸਭ ਦੌਰਾਂ ਵਿਚ ਹਾਕਮ ਖੁਦ ਸਮਾਜ ਵਿਚਲੀ ਹਰ ਨਵੀਂ ਚੀਜ਼ ਨੂੰ ਅਪਨਾਉਂਦੇ ਆਏ ਹਨ ਪਰ ਨਾਲ ਹੀ ਪਰਜਾ ਨੂੰ ਪੁਰਾਣਾ ਵਿਰਸਾ ਸਾਂਭਣ ਲਈ ਸਨਮਾਨਿਤ ਕਰਦੇ ਰਹੇ ਹਨ। ਜਦ ਉਹ ਆਪ ਬਸਤਰ ਪਹਿਨਣ ਵੀ ਲੱਗ ਪਏ ਸਨ ਤਾਂ ਵੀ ਬਸਤਰ ਪੈਦਾ ਕਰਨ ਵਾਲਿਆਂ ਨੂੰ ਨੰਗੇ ਨਾਚ ਕਰਵਾ ਕੇ ਉਨ੍ਹਾਂ ਦੇ ਕੌਮੀ ਗੌਰਵ ਦਾ ਅਹਿਸਾਸ ਕਰਾਉਂਦੇ ਸਨ। ਆਪ ਬੰਦੂਕਾਂ ਨਾਲ ਸ਼ਿਕਾਰ ਕਰਦਿਆਂ ਪਰਜਾ ਨੂੰ ਡਾਂਗਾਂ ਨਾਲ ਗਤਕਾ ਖਿਡਾ ਕੇ ਤਾੜੀਆਂ ਮਾਰਦੇ ਸਨ। ਆਪ ਚੂੜੀਦਾਰ ਪਜਾਮੇ ਪਾ ਕੇ ਧੋਤੀ ਦਾ ਸੁਆਗਤ ਕਰਦੇ ਸਨ ਸੰਗੀਤ

ਦੀਆਂ ਨਵੀਆਂ ਧੁਨਾਂ ਨੂੰ ਮਹਿਲਾਂ ਵਿਚ ਕੈਦ ਕਰ ਲੋਕਾਂ ਨੂੰ ਪੀਪੇ ਖੜਕਾ ਕੇ ਨਚਾਉਂਦੇ ਸਨ। ਆਪ ਅਜ਼ਾਦ ਡਿਸਕੋ-ਨਾਚ ਕਰਦਿਆਂ ਲੋਕਾਂ ਨੂੰ ਰਿੱਛ ਵਾਂਗ ਝਾਂਜਰਾਂ ਪੁਆ ਕੇ ਨਚਾਉਂਦੇ ਉਨ੍ਹਾਂ ਹਾਕਮਾਂ ਨੇ ਲੋਕਾਂ ਦੇ ਦਿਮਾਗਾਂ ਤੇ ਇੰਝ ਕੰਟਰੋਲ ਕਰ ਲਿਆ ਹੈ ਕਿ ਆਮ ਆਦਮੀ ਬੀਤ ਚੁੱਕੇ ਕੱਲ ਵਿਚ ਰਹਿਣ ਤੇ ਮਾਣ ਮਹਿਸੂਸ ਕਰ ਰਿਹਾ ਹੈ ਅਤੇ ਅਗਾਂਹ ਵਧਣ ਦੀ ਲਾਲਸਾ ਰੱਖਣ ਵਾਲੇ ਲੋਕਾਂ ਨੂੰ ਬਰਜੂਆ ਕਹਿ ਕੇ ਅੱਜ ਦੇ ਵਿਕਾਸ ਦਾ ਸਮੁੱਚਾ ਰਸ ਹਾਕਮਾਂ ਲਈ ਰਾਖਵਾਂ ਰੱਖ ਰਿਹਾ ਹੈ। ਅੱਜ ਸਰਮਾਏਦਾਰੀ ਨੇ ਸਾਡੇ ਵਿਚਾਰਾਂ ਅੰਦਰ ਏਨੀ ਹੀਣਤਾ ਭਰ ਦਿੱਤੀ ਹੈ ਕਿ ਬੈਗ ਵਿਚ ਟੂੱਥ ਬੁਰਸ਼ ਰੱਖਣਾ, ਜੇਬ ਵਿਚ ਕੰਘੀ ਰੱਖਣਾ, ਜੀਨ ਦੀ ਪੈਂਟ ਪਾਉਣਾ, ਕਿਸੇ ਵੀ ਆਧੁਨਿਕ ਧੁਨ ਉਪਰ ਹੁਲਾਰਾ ਖਾ ਜਾਣਾ ਤੁਹਾਨੂੰ "ਇਨਕਲਾਬੀ" ਸਫ਼ਾਂ ਵਿਚ ਛੇਕਣ ਲਈ ਸਬੂਤ ਦੇ ਤੌਰ ਤੇ ਕਾਫੀ ਹੈ। ਕਾਮਰੇਡ ਹੋਣਾ ਸਾਬਤ ਕਰਨ ਲਈ ਸਿਰਫ ਕਈ ਲੋਕ ਘਰ ਨੂੰ ਕਲੀ ਨਹੀਂ ਕਰਦੇ, ਜੁੱਤੀ ਪਾਲਸ਼ ਨਹੀਂ ਕਰਦੇ, ਸਿਰ ਨੂੰ ਤੇਲ ਨਹੀਂ ਲਾਉਂਦੇ ਤੇ ਨਵੀਂ ਸਾਈਕਲ ਤੇ ਨਹੀਂ ਚੜ੍ਹਦੇ। ਕਿੱਡੀ ਤਕੜੀ ਸਾਜ਼ਿਸ਼ ਦੇ ਸ਼ਿਕਾਰ ਇਹ ਲੋਕ ਆਪਣਾ ਵਿਰਸਾ ਸਾਂਭੀ ਇਤਿਹਾਸ ਵਲੋਂ ਰੱਦ ਹੋਈਆਂ ਸਾਰੀਆਂ ਚੀਜ਼ਾਂ ਦੀ ਰਾਖੀ ਲਈ ਪੂਰਾ ਤਾਣ ਲਾ ਰਹੇ ਹਨ।

ਕਿੱਡੀ ਅਜੀਬ ਗੱਲ ਹੈ ਕਿ ਅੱਜ ਸਮਾਜ ਦਾ ਪ੍ਰਬੰਧ ਵੀ ਸੰਕਟ ਦਾ ਸ਼ਿਕਾਰ ਹੈ ਅਤੇ ਇਸਨੂੰ "ਬਦਲਣ ਵਾਲੇ" ਮੌਜੂਦਾ ਮਾਲਕਾਂ ਤੋਂ ਕਈ ਗੁਣਾਂ ਵੱਧ ਸੰਕਟ ਦਾ ਸ਼ਿਕਾਰ ਹਨ ਤੇ ਇਹ ਦੋਵੇਂ ਸੰਕਟ ਇਕੋ ਅਨੁਪਾਤ ਨਾਲ ਵਧ ਰਹੇ ਹਨ। ਦੋਹਾਂ ਦੀ ਦਿਸ਼ਾ ਤੋਂ ਨਤੀਜੇ ਦੀਆਂ ਸੰਭਾਵਨਾਵਾਂ ਸਪੱਸ਼ਟ ਹਨ—ਭਾਵ ਦੋਹਾਂ ਦਾ ਖਾਤਮਾ। ਅੱਜ ਦੇ ਸਮਾਜ ਅੰਦਰ ਪੈਦਾ ਹੋਏ ਕਿਸੇ ਵੀ ਸਵਾਲ ਤੇ ਹਾਸੋਹੀਣੀਆਂ ਪੁਜ਼ੀਸ਼ਨਾਂ ਲੈਣ ਵਾਲੀਆਂ ਸਮੁੱਚੀਆਂ ਕਮਿਊਨਿਸਟ ਧਿਰਾਂ ਦਿਨੋ ਦਿਨ ਲੋਕਾਂ ਵਿਚੋਂ ਨਿਖੜਨ ਦੀ ਪ੍ਰਕ੍ਰਿਆ ਵਿਚ ਹਨ, ਪਰ ਉਹ ਇਸ ਪ੍ਰਕ੍ਰਿਆ ਨੂੰ ਵੀ ਕਾਇਮ ਰੱਖਣ ਦਾ ਦ੍ਰਿੜ ਸੰਕਲਪ ਬਣਾਈ ਬੈਠੀਆਂ ਹਨ।

ਗੁਰਸ਼ਰਨ ਸਿੰਘ ਹੁਰਾਂ ਨੇ ਪੁਰਾਣੀਆਂ ਗੱਲਾਂ ਦੀ ਥਾਂ ਨਵੀਆਂ ਅਪਨਾਉਣ ਦੀ ਗੱਲ ਕੀਤੀ ਹੈ ਜੋ ਕਿ ਸਮਾਜਕ ਸੱਚ ਹੈ। ਵਿਕਾਸ ਹੀ ਇਸ ਨੂੰ ਕਹਿੰਦੇ ਹਨ ਤੇ ਜੋ ਇੰਝ ਕਰ ਰਿਹਾ ਹੈ ਉਹ ਅੱਗੇ ਵੀ ਵਧ ਰਿਹਾ ਹੈ। ਹੈ। ਪਰ ਗੁਰਸ਼ਰਨ ਸਿੰਘ ਹੁਰਾਂ ਨੂੰ ਪੰਜਾਬੀ ਪਾਠਕਾਂ ਦੀ ਇਕ ਤਕੜੀ ਧਿਰ ਦਾ ਮੁਕਾਬਲਾ ਕਰਨਾ ਪੈਂਦਾ ਹੈ ਜੋ ਪੁਰਾਣੇ ਸੰਕਲਪਾਂ ਤੇ ਬੈਠੇ ਹਨ। ਉਹ ਲੋਕ ਜੋ ਸਮਾਜ ਦੇ ਵਿਕਾਸ ਦੀ ਅਸਲ ਪ੍ਰਕ੍ਰਿਆ ਨੂੰ ਹੀ ਸਮਝ ਨਹੀਂ ਸਕੇ ਅਤੇ ਇਕ-ਪਾਸੜ ਸੋਚ ਦਾ ਸ਼ਿਕਾਰ ਹਨ। ਆਰਥਕਤਾ ਨੂੰ ਅਧਾਰ ਤੇ ਰਾਜਨੀਤੀ ਸਭਿਆਚਾਰ ਨੂੰ ਉਪਰੀ ਢਾਂਚਾ ਸਮਝਣ ਵਾਲੇ ਸਾਥੀਆਂ ਕੋਲ ਇਸ ਗੱਲ ਦਾ ਕੋਈ ਜੁਆਬ ਨਹੀਂ ਕਿ ਪੁਰਾਣੀ ਆਰਥਕਤਾ ਦਾ ਉਪਰੀ ਢਾਂਚਾ ਤੁਸੀਂ ਕਿਵੇਂ ਬਚਾ ਸਕਦੇ ਹੋ? ਸਾਮਰਾਜੀ ਡਿਸਕੋ ਪੁਤਲੀਘਰ ਦੇ ਮਜ਼ਦੂਰਾਂ ਨੂੰ ਕਿਵੇਂ ਹੁਲਾਰਾ ਦੇਂਦਾ ਹੈ, ਇਸ ਬਾਰੇ ਵੀ ਉਨ੍ਹਾਂ ਕੋਲ ਕੋਈ ਜੁਆਬ ਨਹੀਂ ਹੈ। ਸਮੇਂ ਨੇ ਸਾਬਤ ਕੀਤਾ ਹੈ ਕਿ ਆਰਥਕਤਾ, ਰਾਜਨੀਤੀ ਤੇ ਸਭਿਆਚਾਰ ਆਪਸ ਵਿਚ ਦਵੰਦਵਾਦੀ ਤਰੀਕੇ ਨਾਲ ਜੁੜੇ ਹੋਏ ਹਨ ਤੇ ਇਹਨਾਂ ਨੂੰ ਤੋੜ ਕੇ ਨਹੀਂ ਦੇਖਿਆ ਜਾ ਸਕਦਾ। ਵਿਚਾਰ ਤੇ ਪਦਾਰਥ ਦੇ ਦਵੰਦਵਾਦੀ ਰਿਸ਼ਤੇ ਨੂੰ ਸਮਝ ਨਾ ਸਕਣ ਕਾਰਨ ਇਹ ਲੋਕ ਸਮਾਜ ਦੇ ਸਭ ਮਸਲਿਆਂ ਬਾਰੇ ਗਲਤ ਨਿਰਣੇ ਲੈ ਰਹੇ ਹਨ। ਜਿਹੜੇ ਲੋਕ ਅੱਜ ਪੁਰਾਣੇ ਸਭਿਆਚਾਰ ਦੀ ਰਾਖੀ ਕਰ ਰਹੇ ਹਨ ਅਤੇ ਨਵੇਂ ਦਾ ਡੱਟਵਾਂ ਵਿਰੋਧ ਕਰ ਰਹੇ ਹਨ, ਉਹ ਪੈਦਾਵਾਰੀ ਖੇਤਰਾਂ ਵਿਚ ਵੀ ਏਸੇ ਤਰ੍ਹਾਂ ਨਵੀਂ ਤਕਨੀਕ ਦਾ ਵਿਰੋਧ ਕਰ ਰਹੇ ਹਨ। ਇਨਾਂ ਸਾਥੀਆਂ ਨੂੰ ਸਮਝਣਾ ਚਾਹੀਦਾ ਹੈ ਜਿਥੇ ਵੀ ਜਿਹੋ ਜਿਹੀ ਤਕਕੀਨ ਕੰਮ ਕਰੇਗੀ ਉਹੋ ਜਿਹੇ ਸਮਾਜਕ ਸਬੰਧ ਉਸਰਨੇ ਹਨ ਤੇ ਉਹੋ ਜਿਹੇ ਵਿਚਾਰ ਤੇ ਸਭਿਆਚਾਰ ਵੀ। ਜੇਕਰ ਮਧ ਪ੍ਰਦੇਸ਼ ਵਿਚ ਜੰਗਲੀ ਤਕਨੀਕ ਚਲਦੀ ਹੈ ਤਾਂ ਜੰਗਲੀ ਕਬੀਲੇ, ਜੰਗਲੀ ਸਬੰਧ ਤੇ ਜੰਗਲੀ ਸਭਿਆਚਾਰ ਵੀ ਹੈ। ਜੇਕਰ ਚੰਡੀਗੜ੍ਹ ਵਿਚ ਅਧੁਨਿਕ ਤਕਨੀਕ ਆ ਰਹੀ ਹੈ ਤਾਂ ਉਥੇ ਅਧੁਨਿਕ ਸਮਾਜਕ ਸਬੰਧ ਅਤੇ ਸਭਿਆਚਾਰ ਆਉਣਾ ਲਾਜ਼ਮੀ ਹੈ। ਦੁਨੀਆਂ ਦੀ ਕੋਈ ਵੀ ਤਾਕਤ ਵਿਕਸਤ ਤਕਨੀਕ ਦੇ ਸਾਹਮਣੇ ਪੁਰਾਣੀ ਤਕਨੀਕ ਨੂੰ ਕਾਇਮ ਨਹੀਂ ਰਖ ਸਕਦੀ ਤੇ ਨਾ ਹੀ ਪਹਿਲਾਂ ਕਦੇ ਰੱਖ ਸਕੀ ਹੈ ਤੇ ਨਵੀਂ ਤਕਨੀਕ ਨੇ ਆਪਣੇ ਹਾਣ ਦੇ ਸਮਾਜਕ ਸਬੰਧ ਸਥਾਪਤ ਕਰਨੇ ਹੁੰਦੇ ਹਨ ਅਤੇ ਇਨ੍ਹਾਂ ਸਮਾਜਕ ਸਬੰਧਾਂ ਦਾ ਆਪਣਾ ਹੀ ਸਭਿਆਚਾਰ ਹੁੰਦਾ ਹੈ। ਲੱਖ ਜ਼ੋਰ ਲਾਈਏ ਇਤਿਹਾਸ ਦਾ ਪਹੀਆ ਰੋਕਿਆ ਨਹੀਂ ਜਾ ਸਕਦਾ। ਪਿੰਡਾਂ ਵਿਚੋਂ ਬਲਦਾਂ ਦੀਆਂ ਜੋਗਾਂ ਮੁਕ ਰਹੀਆਂ ਹਨ ਤੇ ਨਾਲ ਘੁੰਗਰੂ ਦੀ ਛਣਕਾਰ ਵੀ। ਟਰੈਕਟਰ ਆਇਆ ਹੈ, ਨਾਲ ਟੀ ਵੀ ਲੈ ਕੇ ਆਇਆ ਹੈ ਤੇ ਇਹ ਟੀ. ਵੀ ਡਿਸਕੋ ਵੀ ਲਿਆਇਆ ਹੈ।

ਅੱਜ ਜਿਹੜਾ ਆਦਮੀ ਆਪਣੇ ਆਪ ਨੂੰ ਅਗਾਂਹ-ਵਧੂ ਅਖਵਾਉਣਾ ਚਾਹੁੰਦਾ ਹੈ ਉਸਨੂੰ ਪਿਛਾਂਹ ਖਿਚੂ ਧਾਰਨਾਵਾਂ ਤੋਂ ਖਹਿੜਾ ਛੁਡਾਉਣਾ ਚਾਹੀਦਾ ਹੈ। ਅੱਗੇ ਵੱਧ ਚੁਕੇ ਲੋਕਾਂ ਵਲੋਂ ਪਿਛਾਂਹ ਟਡੀਆਂ ਚੀਜ਼ਾਂ ਨੂੰ ਸਾਂਭਣਾ ਸ਼ਿੰਗਾਰਨਾਂ ਅਜਾਇਬ ਘਰਾਂ ਦਾ ਕੰਮ ਹੈ ਇਨਕਲਾਬੀ ਧਿਰਾਂ ਦਾ ਨਹੀਂ। ਦਾਤੀ ਤੇ ਹਥੌੜੇ ਦੀ ਤਕਨੀਕ ਬਹੁਤ

Regd. with Registrar, News Papers, Vide No. MA/12397-D dated 18.4.80
Post Office No. P/AR—133

ਪੁਰਾਣੀ ਪੈ ਚੁਕੀ ਹੈ। ਸਾਮਰਾਜ ਦਾ ਮੁਕਾਬਲਾ ਇਸ ਨਾਲ ਨਹੀਂ ਅੱਜ ਦੀ ਉਤਮ ਤੋਂ ਵੀ ਉਤਮ ਤਕਨੀਕ, ਵਿਚਾਰ, ਰਾਜਨੀਤੀ ਤੇ ਸਭਿਆਚਾਰ ਨਾਲ ਕਰਨਾ ਪਵੇਗਾ। ਸੋ ਵਿਕਸਤ ਤੋਂ ਵਿਕਸਤ ਵਿਚਾਰ ਤੇ ਤਕਨੀਕ ਨੂੰ ਅਪਣਾਓ ਅਤੇ ਉਸ ਤੋਂ ਅੱਗੇ ਵਧ ਕੇ ਇਸਦੇ ਕੰਟਰੋਲ ਨੂੰ ਹਥਿਆਓ, ਰੁਸ ਕੇ ਬੈਠਿਆਂ ਪੁਰਾਣੇ ਵਿਰਸੇ ਦੇ ਸੋਹਲੇ ਗਾਉਂਦੇ ਰਹੋਗੇ ਤਾਂ ਤੁਸੀਂ ਵੀ ਅਜਾਇਬ ਘਰਾਂ ਦਾ ਸ਼ਿੰਗਾਰ ਹੀ ਬਣੋਗੇ।

—ਜਸਵੰਤ ਖਾਲੜਾ

**3** ਮਾਨਯੋਗ ਭਾਅ ਜੀ,

ਦਸੰਬਰ 1985 ਵਿਚ 'ਪਟਿਆਲੇ ਵਿਚ ਉੱਤਰੀ ਭਾਰਤ ਦਾ ਸਭਿਆਚਾਰਕ ਕੇਂਦਰ' ਦੇ ਨਾਂ ਹੇਠ ਛਪੀ ਸੰਪਾਦਕੀ ਦੇ ਪ੍ਰਤੀਕਰਮ ਵਜੋਂ ਸ੍ਰੀ ਲਾਭ ਸਿੰਘ ਖੀਵਾ ਵਲੋਂ ਉਠਾਏ ਨੁਕਤਿਆਂ ਉੱਤੇ ਅਸੀਂ ਟਿਪਣੀ ਕਰਨੀ ਚਾਹਾਂਗੇ।

ਜਿੱਥੇ ਇਕ ਪਾਸੇ ਸ੍ਰੀ ਖੀਵਾ ਆਪਣੇ ਆਪ ਨੂੰ ਖੱਬੇਪੱਖੀ ਬੁੱਧੀਜੀਵੀਆਂ ਦੀ ਕਤਾਰ 'ਚ ਖੜਾ ਕਰਦੇ ਹਨ, ਉੱਥੇ ਉਨ੍ਹਾਂ ਦੀ ਚਿੱਠੀ ਕਈ ਸ਼ੰਕੇ ਤੇ ਭੁਲੇਖੇ ਪੈਦਾ ਕਰਦੀ ਹੈ।

ਜਦੋਂ ਸ੍ਰੀ ਖੀਵਾ ਕਹਿੰਦੇ ਹਨ ਕਿ ਕੁੱਝ ਜੱਥੇਬੰਦੀਆਂ ਆਪਣੇ ਨਾਂ ਅੱਗੇ ਕ੍ਰਾਂਤੀਕਾਰੀ ਜਾਂ ਪ੍ਰਗਤੀਸ਼ੀਲ ਸ਼ਬਦ ਲਾ ਕੇ ਭਰਮਾਉਂਦੇ ਹਨ। ਇਥੇ ਜੇ ਇਨ੍ਹਾਂ ਦਾ ਇਸ਼ਾਰਾ ਬਾਰੂ ਸਤਵਰਗ ਦੀ ਕ੍ਰਾਂਤੀਕਾਰੀ ਸਾਹਿਤ ਸਭਾ ਜਾਂ ਜਸਵੰਤ ਕੰਵਲ ਦੇ ਸਾਹਿਤਕ ਟਰੱਸਟ ਵਲ ਹੋਵੇ ਤਾਂ ਅਸੀਂ ਸਹਿਮਤ ਹਾਂ। ਜਿੱਥੇ ਤੱਕ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਅਤੇ ਪਲਸ ਮੰਚ ਦਾ ਸੁਆਲ ਹੈ, ਇਹ ਗੱਲ ਬਿਲਕੁਲ ਹੀ ਗਲਤ ਹੈ। ਸਾਡੇ ਜਾਂ ਕਿਸੀ ਹੋਰ ਦੇ ਵੀ ਇਨ੍ਹਾਂ ਜੱਥੇਬੰਦੀਆਂ ਨਾਲ ਸਿਆਸੀ ਜਾਂ ਸਿਧਾਂਤਕ ਮਤਭੇਦ ਹੋ ਸਕਦੇ ਹਨ। ਪਰ ਤੱਦ ਵੀ ਇਨ੍ਹਾਂ ਵਲੋਂ ਲੋਕ ਪੱਖੀ ਅਤੇ ਉਸਾਰੂ ਸਾਹਿਤ ਤੇ ਕਦਰਾਂ ਕੀਮਤਾਂ ਨੂੰ ਫਲਾਉਣ ਦੇ ਖੇਤਰ 'ਚ ਕੀਤਾ ਸ਼ਲਾਘਾਯੋਗ ਕੰਮ ਨਕਾਰਿਆ ਨਹੀਂ ਜਾ ਸਕਦਾ। ਸ਼ਾਇਦ ਇਹ ਹੀ ਲੋਕ ਸਨ ਜੋ ਪੰਜਾਬ ਵਿਚ ਪਿੰਡ ਪਿੰਡ ਅਤੇ ਸ਼ਹਿਰ ਸ਼ਹਿਰ ਜਾ ਕੇ ਜੋ ਫਿਰਕੂ ਏਕਤਾ, ਅਮਨ ਅਤੇ ਫਿਰਕੂ ਬਘਿਆੜਾਂ ਦਾ ਵਿਰੋਧ ਕਰਦੇ ਰਹੇ ਇਨ੍ਹਾਂ ਜੱਥੇਬੰਦੀਆਂ ਦੇ ਮੁਕਾਬਲੇ ਸ਼ਾਇਦ ਹੀ ਕੋਈ ਦੂਜੀ ਜੱਥੇਬੰਦੀ ਗਿਣਾਉਣ ਯੋਗ ਹੋਵੇ।

ਅੱਗੇ ਚਲਕੇ ਖੀਵਾ ਜੀ ਕਹਿੰਦੇ ਹਨ ਕਿ ਸਾਨੂੰ ਸਰਕਾਰ 'ਤੇ ਜ਼ੋਰ ਦੇਣਾ ਚਾਹੀਦਾ ਹੈ ਕਿ ਇਸ ਕੇਂਦਰ ਦਾ ਕੰਮ ਕਾਜ ਅਜਿਹੇ ਵਿਦਵਾਨਾਂ ਨੂੰ ਸੌਂਪਿਆ ਜਾਵੇ; ਜੋ ਗੂੰਗੀ ਸਭਿਆਚਾਰਕ ਪਛਾਣ ਨੂੰ ਜ਼ਬਾਨ ਮਿਲ ਸਕੇ। ਕਿੰਨੀ ਹੀ ਅਸੁਭਾਵਕ ਤੇ ਹਾਸੋਹੀਣੀ ਗੱਲ ਹੈ। ਕਿਉਂਕਿ ਸਰਕਾਰ ਸ਼ਰੋਮਣੀ ਕਮੇਟੀ ਦਾ ਤਾਂ ਜ਼ੋਰ ਮੰਨ ਸਕਦੀ ਹੈ ਪਰ ਸਾਡੀ ਵਿਚਾਰਧਾਰਾ ਨਾਲ ਪ੍ਰਤੀਬੱਧਤਾ ਲੋਕਾਂ ਦੇ ਕਹਿਣ ਦੇ ਤਾਂ ਉਲਟ ਹੀ ਚਲੇਗੀ। ਇਹ ਗੱਲ ਚੇਤੇ ਕਰਨ ਯੋਗ ਹੈ ਕਿ ਸਮੇਂ ਦੀ ਸਰਕਾਰ ਭਾਵੇਂ ਅਕਾਲੀ ਹੋਵੇ ਜਾਂ ਕਾਂਗਰਸੀ, ਆਪਣੇ ਜਮਾਤੀ ਹਿਤਾਂ ਦੇ ਖਿਲਾਫ ਨਹੀਂ ਜਾ ਸਕਦੀ। ਬਾਕੀ ਸਾਡੇ ਸਾਰਿਆਂ ਸਾਹਮਣੇ ਡਾ: ਆਤਮਜੀਤ ਹੋਰਾਂ ਦੀ ਤਾਜ਼ਾ ਮਿਸਾਲ ਹੈ। ਜਿਥੋਂ ਪਤਾ ਲਗਦਾ ਹੈ ਕਿ ਸਰਕਾਰ ਅਜਿਹੀਆਂ ਗੱਲਾਂ ਵਿਚ ਕਿਸਦਾ ਜ਼ੋਰ ਮੰਨਦੀ ਹੈ। ਅਕਾਲੀ ਵਜ਼ੀਰ ਤਾਂ ਉੱਥੇ ਹੀ ਜਾਣਾ ਪਸੰਦ ਕਰਣਗੇ ਜਾਂ ਸੋਂਹਦੇ ਹੋਣਗੇ ਜਿੱਥੇ ਉਨ੍ਹਾਂ ਦਾ ਸੁਆਗਤ 'ਬੋਲੇ ਸੋ ਨਿਹਾਲ ਜਾਂ ਰਾਜ ਕਰੇਗਾ ਖਾਲਸਾ' ਦੇ ਨਾਹਰਿਆਂ ਨਾਲ ਹੋਵੇ।

ਔਰਤਾਂ ਵਾਲੇ ਮਸਲੇ 'ਤੇ ਖੀਵਾ ਹੋਰੀਂ ਆਪ ਸਵੈ-ਵਿਰੋਧੀ ਹਨ। ਇਕ ਪਾਸੇ ਉਹ ਮੰਨਦੇ ਹਨ ਕਿ ਫੁਲਕਾਰੀ ਦਾ ਦੌਰ ਸੰਮੁੱਚੇ ਤੌਰ 'ਤੇ ਔਰਤ ਦੀ ਗੁਲਾਮੀ ਦਾ ਦੌਰ ਹੈ, ਦੂਜੇ ਪਾਸੇ ਇਸ ਪਿਛਾਂਹ ਖਿਚੂ ਮੋਹ ਨੂੰ ਤਿਆਗਣ ਤੋਂ ਵਰਜਦੇ ਹਨ।

ਬਾਕੀ ਹੋਰ ਛੋਟੀਆਂ ਗੱਲਾਂ ਬਾਰੇ ਸ.ਗੁਰਸ਼ਰਨ ਸਿੰਘ ਜੀ ਠੀਕ ਹੀ ਕਹਿੰਦੇ ਹਨ। ਜਿਵੇਂ ਮੱਕੀ ਦੀ ਰੋਟੀ, ਸਾਗ ਜਾਂ ਕਾਹਵਾ। ਕਿਉਂਕਿ ਇਨ੍ਹਾਂ ਨੇ ਇਹ ਗੱਲ ਵਿਗਿਆ-ਨਕ ਦਲੀਲ ਦੇ ਕੇ ਕੀਤੀ ਹੈ ਨਾ ਕਿ ਇਵੇਂ ਹੀ। ਜਿੱਥੋਂ ਤੱਕ ਚੰਡੀਗੜ੍ਹ 'ਚ ਫਰਾਂਸੀਸੀ ਜਾਂ ਪੰਜਾਬੀ ਹੋਣ। ਅਸਲ 'ਚ ਵਸਣਗੇ ਤਾਂ ਪੰਜਾਬੀ ਹੀ। ਪਰ ਤਾਂ ਕੀ ਸਾਨੂੰ ਆਰਕੀਟੈਕਟ ਦੀ ਸਾਇੰਸ ਦੇ ਮੂਲ ਸਿਧਾਂਤਾਂ ਨੂੰ ਛਿੱਕੇ ਟੰਗ ਦੇਣਾ ਚਾਹੀਦਾ ਹੈ। ਨਹੀਂ, ਇਹ ਤਾਂ ਮੰਨਣੇ ਹੀ ਪੈਣਗੇ।

ਬਾਕੀ ਖੀਵਾ ਜੀ ਦੀ ਚਿੱਠੀ ਤੋਂ ਇੰਝ ਲਗਦਾ ਹੈ ਕਿ ਉਨ੍ਹਾਂ ਸ. ਗੁਰਸ਼ਰਨ ਸਿੰਘ ਦੀ ਸੰਪਾਦਕੀ ਨੂੰ ਅੱਜ ਦੇ ਮੌਜੂਦਾ ਨਾਜ਼ੁਕ ਹਾਲਾਤਾਂ ਦੇ ਪ੍ਰਸੰਗ 'ਚ ਰੱਖ ਕੇ ਨਹੀਂ ਵੇਖਿਆ। ਅੱਜ ਅਸੀਂ ਲੋਕ ਪੱਖੀ ਅਤੇ ਅਗਾਂਹ ਵਧੂ ਸਾਹਿਤ ਨੂੰ ਲੋਕਾਂ 'ਚ ਲਿਜਾਉਣ ਵਾਸਤੇ ਸਰਕਾਰੀ ਵਿਸਾਖੀਆਂ 'ਤੇ ਨਹੀਂ ਚਲ ਸਕਦੇ। ਸਾਨੂੰ ਆਪਣੀਆਂ ਆਜ਼ਾਦ ਸੰਸਥਾਵਾਂ ਬਣਾਉਣੀਆਂ ਪੈਣਗੀਆਂ।

ਕਰਮ ਸਿੰਘ ਕਾਂਗ

---

ਕ੍ਰਾਂਤੀਕਾਰੀ ਸਾਹਿਤ ਸਭਾ ਪੰਜਾਬ ਵਲੋਂ ਐਤਵਾਰ 9 ਫਰਵਰੀ 11 ਵਜੇ **ਬਰਨਾਲਾ ਵਿਖੇ ਵਿਸ਼ਾਲ ਗੋਸ਼ਟੀ**
ਜਿਸ ਵਿਚ ਸਮਾਜਿਕ ਯਥਾਰਥ ਦਾ ਸਾਹਿਤ ਦੇ ਮਾਧਿਅਮ ਰਾਹੀਂ ਪ੍ਰਗਟਾਅ ਉਤੇ ਸਭਾ ਵਲੋਂ
ਪੇਪਰ ਪੇਸ਼ ਕੀਤਾ ਜਾਏਗਾ ਤੇ ਭਰਵੀਂ ਬਹਿਸ ਹੋਏਗੀ।